ੴ

# GURBANI CONTEMPLATION

## 67

## *SAKAT SEO KAR ULTI RE*
## (TURN AWAY FROM THE NON-BELIEVER)


# 'KHOJI'

# ਸਾਕਤ ਸਿਓ ਕਰ ਉਲਟੀ ਰੇ

ਧੰਨ ਹਨ ਸਤਿਗੁਰੂ ਨਾਨਕ ਦੇਵ ਜੀ, ਜਿਨ੍ਹਾਂ **ਕਲਯੁਗ ਵਿਚ ਅਵਤਾਰ ਧਾਰ ਕੇ 'ਸਤਿਯੁਗ' ਵਰਤਾਇਆ ।**

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :—

"ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥"
(ਵਾ: ਭਾ: ਗੁ: 1/24)

ਸ੍ਰਿਸ਼ਟੀ ਦੀ ਪੁਕਾਰ ਸੁਣ ਕੇ, ਅਕਾਲ ਪੁਰਖ ਨੇ **ਧੰਨ 'ਗੁਰੂ ਨਾਨਕ' ਦੇ ਰੂਪ ਵਿਚ**, ਆਪਣੇ ਆਪ ਨੂੰ **ਪਰਗਟ ਕੀਤਾ**, ਅਤੇ ਇਸ ਜਲਦੇ-ਬਲਦੇ ਸੰਸਾਰ ਅੰਦਰ ਆਪਣੀ ਸੋਹਣੀ ਸੁੰਦਰ ਰਬਾਬ ਵਜਾ, ਇਕ ਇਲਾਹੀ ਰਾਗ ਦੁਆਰਾ, ਰੱਬੀ ਬਾਣੀ ਗਾ ਕੇ, ਮਿਹਰ ਅਤੇ ਠੰਡ ਦਾ ਮੀਂਹ ਵਰਸਾਇਆ, ਅਤੇ ਤਪਦੀ-ਸੜਦੀ ਸ੍ਰਿਸ਼ਟੀ ਨੂੰ ਸ਼ੀਤਲਤਾ ਬਖਸ਼ੀ । ਇਹ ਗੁਰੂ ਬਾਬੇ ਦੀ **ਮਿੱਠੀ ਮਿਹਰ ਅਤੇ ਮਹਾਨ ਇਲਾਹੀ ਕਰਾਮਾਤ ਸੀ**, ਜੋ ਸੰਸਾਰ ਅੰਦਰ **'ਉਲਟੀ ਗੰਗਾ' ਵਗਾ**, ਧਰਤੀ ਦੀ ਤਪਸ਼ ਨੂੰ ਠਾਰਿਆ, ਅਤੇ ਸੁੱਕੇ ਸੜੇ ਹਿਰਦਿਆਂ ਨੂੰ ਸ਼ੀਤਲ ਅਤੇ ਪ੍ਰਫੁਲਤ ਕੀਤਾ ।

ਗੁਰੂ ਬਾਬੇ ਪਾਸ ਉਹ ਕਿਹੜੀ ਕਰਾਮਾਤ ਸੀ, ਜਿਸ ਰਾਹੀਂ ਕਲਜੁਗ ਅੰਦਰ ਸਤਿਯੁਗ ਦਾ ਵਰਤਾਰਾ ਵਰਤਿਆ ?

ਇਹ ਸ੍ਰੀ ਗੁਰੂ ਗਰੀਬ ਨਿਵਾਜ ਰਾਹੀਂ , ਉਚਾਰੀ **ਧੁਰ ਕੀ ਬਾਣੀ ਸੀ**, ਜਿਸ ਨੇ ਰਾਕਸ਼ਾਂ ਨੂੰ ਦੇਵਤਿਆਂ, ਅਤੇ ਚੋਰਾਂ ਤੇ ਠੱਗਾਂ ਨੂੰ—ਸਾਧੂਆਂ ਵਿਚ **ਬਦਲ ਕੇ** ਰੱਖ ਦਿੱਤਾ । ਗੁਰੂ ਬਾਬੇ ਦੇ ਇਸ **'ਬਾਣੀ-ਰੂਪ' ਖਜ਼ਾਨੇ** ਨੂੰ ਖੋਲ ਕੇ, ਵਿਚਾਰ ਕੇ— ਇਹ ਗੱਲ ਪ੍ਰਗਟ ਰੂਪ ਵਿਚ ਸਾਹਮਣੇ ਆਉਂਦੀ ਹੈ, ਕਿ ਇਸ ਦੁਨੀਆਂ ਦੇ **ਦੋ ਮੰਡਲ** ਹਨ :—

1. **ਮਾਇਕੀ** ਅਥਵਾ **'ਸਰਗੁਣ' ਮੰਡਲ**,
2. **ਆਤਮਿਕ** ਅਥਵਾ **'ਨਿਰਗੁਣ' ਮੰਡਲ ।**

ਇਹਨਾਂ ਦੋਹਾਂ ਮੰਡਲਾਂ ਦੇ 'ਸੁਮੇਲ' ਵਿਚੋਂ ਸੰਸਾਰ ਉਪਜਿਆ ਹੈ ।

"ਸਰਗੁਣ ਨਿਰਗੁਣ ਥਾਪੈ ਨਾਉ ॥
ਦੁਹ ਮਿਲਿ ਏਕੈ ਕੀਨੋ ਠਾਉ ॥" (ਪੰਨਾ—387)



# *SAKAT SEO KAR ULTI RE*
# (TURN AWAY FROM THE NON-BELIEVER)

Glory to *Satguru* Nanak Dev Ji who by His **divine incarnation in the dark age of *Kalyug* showed the 'age of truth' (Satyug).**

According to Bhai Gurdas Ji:-

*Baba (Nanak) in deep meditation saw the entire earth aflame, indeed a blaze, with anguish and agony.* *VBG 1/24*

Upon hearing the cries of this Creation, the Timeless Being **incarnated Himself** as the **blessed** '**Guru Nanak**', who by playing his beautiful rebec (*rabab*) through its divine music and *Gurbani*, showered mercy and blessed the blazing creation of the furious burning fire with coolness. What a **sweet and supreme divine miracle by the Great *Guru* Nanak**. It was akin to **making the Ganges flow in reverse**, cooling the earth's heat and calming the barren and blazing human hearts making them blossom.

What miracle did *Guru Baba* (*Guru* Nanak) possess which brought about the age of truth in the age of darkness?

It was the **Source originated *Gurbani*** channeled through the exalted *Guru* (Nanak), protector of the poor, which **transformed** the diabolical into the divine, sinners into saints, thieves and robbers into noble souls.

Contemplating deeply on this '***Bani*-Form' treasure** of the Guru *Baba*, it becomes abundantly clear that this world has **two realms**: -

1. ***Mayaci*** or '**attributes endowed' Realm**
2. **Spiritual** or '**attributes-free' Realm**.

The world has come about from the 'convergence' of these two Realms.

*Attached and above attachments are the Names, He is described with.*
*And in Him -the unique Lord both converge in the One Naam.* *387*

**ਮਾਇਕੀ ਅਤੇ ਆਤਮਿਕ-ਮੰਡਲ** ਦੇ ਅਨੇਕਾਂ ਗੁਣਾਂ ਅਤੇ ਅਉਗਣਾ ਵਿਚੋਂ, ਕੁਝ ਕੁ ਹੇਠਾਂ ਦਰਸਾਏ ਗਏ ਹਨ ।

ਆਤਮ ਮੰਡਲ :—

ਸੱਚ ਹੈ ।
ਸਦੀਵੀ ਹੈ ।
ਸੂਖਮ ਹੈ ।
ਅਨੁਭਵ-ਪ੍ਰਕਾਸ਼ ਹੈ ।
ਅਟੱਲ ਹੈ ।
ਅਦ੍ਰਿਸ਼ਟ ਹੈ ।
ਅਗੋਚਰ ਹੈ ।
ਅਬੁਝ ਹੈ ।
ਅਪਾਰ ਹੈ ।
ਅਸਲੀਅਤ ਹੈ ।
ਕਾਲ-ਹੀਨ ਹੈ ।
ਪਾਰਗਰਾਮੀ ਹੈ ।
ਇਕ-ਸਾਰ ਹੈ ।
ਸਹਿਜ ਹੈ ।
ਤ੍ਰਿਸ਼ਨਾ-ਹੀਨ ਹੈ ।
ਸੁਖ ਦਾਤਾ ਹੈ ।
ਇਲਾਹੀ ਰਜ਼ਾ ਹੈ ।
ਭਲਾ ਹੀ ਹੈ ।
ਸੱਚ-ਖੰਡ ਹੈ ।
ਇਕੋ ਇਕ ਹੈ ।

**ਇਸ ਦੇ ਐਨ ਉਲਟ**, ਮਾਇਕੀ ਮੰਡਲ

ਕੂੜ ਹੈ ।
ਅਥਿਰ ਹੈ ।
ਸਥੂਲ ਹੈ ।
ਸੀਮਤ ਬੁਧੀ ਹੈ ।
ਨਾਸ਼ਵੰਤ ਹੈ ।
ਦ੍ਰਿਸ਼ਟਮਾਨ ਹੈ ।



A few merits and demerits of the ***Mayaci* and Spiritual Realms** are described below.

**Spiritual Realm** is: --

True
Everlasting
Subtle or abstract
Intuitive illumination
Eternal
Invisible
Beyond the reach of senses
Undiscoverable
Boundless
Reality
Timeless
The carrier to salvation
Consistent
Equipoise
Desire-free

Comfort giving
Divine will
Noble indeed
Abode of Truth
One and only one.

Exactly opposite to this, **the *Mayaci* Realm is**: -

False
Unstable
Material (having mass)
Limited intellect
Destructible
Visible

ਸੀਮਤ ਹੈ ।
ਭਰਮ ਭੁਲਾਵਾ ਹੈ ।
ਕਾਲ ਵਸ **ਹੈ** ।
ਭਵਜਲ ਹੈ ।
ਬਦਲਵਾਂ ਹੈ ।
'ਸਹਸਾ'-ਸੰਸਾਰ ਹੈ ।

ਤ੍ਰਿਸ਼ਨਾ-ਦਾਧੀ ਹੈ ।
ਸੁਖ ਦਾ 'ਪ੍ਰਛਾਵਾਂ' ਮਾਤਰ ਹੈ ।
ਬਿਨਸਨਹਾਰ ਹੈ ।
ਮਨ ਮਰਜ਼ੀ ਹੈ ।
ਪਾਪ-ਪੁੰਨ ਹੈ ।
ਦੂਜਾ ਭਾਵ ਹੈ ।

ਇਸ ਲਈ ਇਹਨਾਂ ਦੋਹਾਂ ਮੰਡਲਾਂ ਦੇ ਗੁਣ-ਅਉਗਣ **ਆਪਸ ਵਿਚ** :—

**ਵਿਰੋਧੀ**
**ਉਲਟ**
**ਖਿਲਾਫ਼**
**ਮੁਤਜ਼ਾਦ**

ਪ੍ਰਤੀਤ ਹੁੰਦੇ ਹਨ ।

ਸੰਸਾਰੀ ਜੀਵ ਕਰਮ-ਬੱਧ ਹੈ । ਆਤਮਿਕ ਦੁਨੀਆਂ ਦਾ ਗਿਆਨ ਨਾ ਹੋਣ ਕਰਕੇ ਸਾਰੇ ਜੀਵ ਮਾਇਕੀ ਦੁਨੀਆਂ ਵਿਚ, **ਬਗੈਰ ਕਿਸੇ ਉੱਚੀ ਸੇਧ ਦੇ**, ਅੰਨ੍ਹੇ-ਵਾਹ ਮਾਇਆ ਦੇ 'ਬਿਖਮ-ਸਾਗਰ' ਅੰਦਰ **ਰੁੜ੍ਹੇ ਜਾ ਰਹੇ ਹਨ ।** ਸ੍ਰਿਸ਼ਟੀ, ਝੂਠੇ ਧੰਧਿਆਂ ਵਿਚ ਪਲਚ-ਪਲਚ ਕੇ **ਅਮੋਲਕ-ਜੀਵਨ ਬਰਬਾਦ ਕਰੀ ਜਾ ਰਹੀ ਹੈ**, ਅਤੇ ਇਸ ਭਵ ਸਾਗਰ ਅੰਦਰ **'ਕਿਛੁ ਨ ਬੂਝੈ'** ਤੇ **'ਕਿਛ ਨ ਸੁਝੈ'** ਵਾਲਾ ਜੀਵਨ ਬਤੀਤ ਕਰੀ ਜਾ ਰਹੀ ਹੈ । ਇਸ ਤਰ੍ਹਾਂ ਇਹ ਦੁਨੀਆਂ ਦੁਖੀ ਹੋ ਕੇ, ਰੋ-ਪਿੱਟ ਕੇ, ਕੁਰਲਾ-ਕੁਰਲਾ ਕੇ ਤਰਸਯੋਗ ਜੀਵਨ ਬਤੀਤ ਕਰ ਰਹੀ ਹੈ ।

ਗੁਰੂ ਬਾਬੇ ਨੇ ਸੰਸਾਰ ਦੀ ਇਸ ਤਰਸਯੋਗ ਅਧੋਗਤੀ ਦੀ ਸਹੀ ਤਸਵੀਰ ਇਉਂ ਖਿੱਚੀ ਹੈ :—

**"ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ ॥**
**ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ ॥ ੩ ॥**



Limited
Doubt-delusion
Time-bound
Ocean of fear
Changeable
Anxiety-world
Desire-encouraging
Just a 'shadow' of peace and comfort
Destructible
Mind-orientated
Evil- virtuous
duality.

Therefore, the merits and demerits of these two Realms appear to be **:--**

**opposed**
**reversed**
**contrary**
**hostile**

to **each other**.

The humans are bound by the law 'As you sow so shall you reap'. Due to lack of knowledge of the spiritual realm and without any higher guidance, they are blindly drifting away in the *Mayaci* ocean of poison. The whole creation, entangled and enmeshed in false occupations, is wasting the invaluable life. Caught in the whirlpool of this dreadful ocean, it is living with the mentality, '*I know nothing and understand nothing'*. Hence, this world writhing in agony, crying, beating their breasts, in extreme despair is living a pitiable life.

*Guru* Nanak has portrayed a true picture of this pitiful state of the world as follows: --

***To the counterfeit one calls the genuine and the worth of genuine he knows not.***
***The blind man goes by the name of an assayer. Strange is this Dark-age.***

**ਸੂਤੇ ਕਉ ਜਾਗਤੁ ਕਹੈ, ਜਾਗਤ ਕਉ ਸੂਤਾ ॥**
**ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ ॥ ੪ ॥**
**ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ ॥**
**ਪਰ ਕੀ ਕਉ ਅਪੁਨੀ ਕਹੈ, ਅਪੁਨੋ ਨਹੀ ਭਾਇਆ ॥ ੫ ॥**
**ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ ॥**
**ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ ॥ ੬ ॥**
**ਚੇਰੀ ਕੀ ਸੇਵਾ ਕਰਹਿ, ਠਾਕੁਰੁ ਨਹੀ ਦੀਸੈ ॥**
**ਪੋਖਰੁ ਨੀਰੁ ਵਿਰੋਲੀਐ, ਮਾਖਨੁ ਨਹੀ ਰੀਸੈ ॥ ੭ ॥**
ਇਸੁ ਪਦ ਜੋ ਅਰਥਾਇ ਲੇਇ, ਸੋ ਗੁਰੂ ਹਮਾਰਾ ॥
ਨਾਨਕ ਚੀਨੈ ਆਪ ਕਉ, ਸੋ ਅਪਰ ਅਪਾਰਾ ॥ ੮ ॥" (ਪੰਨਾ—229)
**"ਕਾਚ ਬਿਹਾਝਨ, ਕੰਚਨ ਛਾਡਨ, ਬੈਰੀ ਸੰਗਿ ਹੇਤੁ,**
**ਸਾਜਨ ਤਿਆਗਿ ਖਰੇ ॥**
**ਹੋਵਨ ਕਉਰਾ, ਅਨਹੋਵਨੁ ਮੀਠਾ, ਬਿਖਿਆ ਮਹਿ ਲਪਟਾਇ ਜਰੇ॥"**
(ਪੰਨਾ—823)

ਗੁਰੂ ਬਾਬੇ ਨੇ ਇਸ ਸ੍ਰਿਸ਼ਟੀ ਦੀ ਕੁਰਲਾਹਟ ਅਤੇ ਹਾਹਾਕਾਰ ਸੁਣ ਕੇ, ਸੰਸਾਰ ਨੂੰ ਪੁਕਾਰ-ਪੁਕਾਰ ਕੇ ਸੁਣਾਇਆ ਕਿ ਇਸ **'ਅਗਨ-ਸਾਗਰ' ਵਿਚੋਂ ਬਚਣ ਦਾ ਇਕੋ ਹੀ ਰਾਹ ਹੈ**, ਜੋ 'ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ" ਦੇ ਫੁਰਮਾਨ ਅਨੁਸਾਰ, **ਗੁਰ ਸ਼ਬਦ ਦੇ ਲੜ ਲਗਿਆਂ**, ਪ੍ਰਾਪਤ ਹੋ ਸਕਦਾ ਹੈ ।

'ਗੁਰ ਸਬਦੁ' ਵਿਚ ਲਗਣ ਵਾਸਤੇ, ਸਾਨੂੰ ਗੁਰੂ ਸਾਹਿਬਾਂ ਨੇ ਅਤਿ **ਸੋਹਣਾ ਅਤ ਸੁਚੱਜਾ ਰਾਹ ਦਸਿਆ ਹੈ ।**

ਆਓ ! ਜ਼ਰਾ ਇਸ **ਆਤਮ-ਮਾਰਗ** ਦੀ ਵਿਚਾਰ ਕਰੀਏ ।

ਮਾਇਕੀ ਜੀਵਨ-ਵਹਿਣ ਵਿਚ ਰੁੜ ਕੇ ਅਸੀਂ ਦੁਖੀ ਹੋ ਰਹੇ ਹਾਂ । ਇਸ ਤੋਂ ਬਚਣ ਦਾ ਇਕੋ, **ਅਤੇ ਕੇਵਲ ਇਕੋ**, **ਰਾਹ** ਇਹ ਹੈ, ਕਿ ਅਸੀਂ **'ਪਦਾਰਥਕ-ਵਹਿਣ'** ਦੀ ਥਾਂ, **ਜੀਵਨ ਨੂੰ ਬਿਲਕੁਲ ਇਸ ਦੇ 'ਉਲਟ'**, **'ਇਲਾਹੀ ਵਹਿਣ'** ਵਿਚ **ਬਦਲ ਕੇ**, ਗੁਰੂ ਨਾਨਕ ਦੇ ਦੇਸ਼ ਪੁੱਜੀਏ ।

ਜਿਨਾਂ ਚਿਰ ਮਨ, ਬਚ, ਕਰਮ ਕਰਕੇ, **ਜੀਵਨ** ਦੇ ਇਸ ਵਹਾਉ ਨੂੰ **'ਉਲਟਾ'** ਕੇ ਕਿਸੇ ਸੁਖਦਾਈ ਅਤੇ ਰਸਦਾਇਕ ਨਿਸ਼ਾਨੇ ਵਲ ਨਹੀਂ **ਮੋੜਦੇ**, ਉਨਾਂ ਚਿਰ ਸਾਡੇ ਜੀਵਨ ਵਿਚ **ਤਬਦੀਲੀ** ਕਦਾਚਿਤ ਨਹੀਂ ਆ ਸਕਦੀ ।

ਇਸ ਵਿਸ਼ੇ ਨੂੰ ਸਮਝਣ ਲਈ, ਵਿਚਾਰਨ ਵਾਲੇ ਜ਼ਰੂਰੀ ਨੁਕਤੇ ਇਹ ਹਨ :—



***The one who is sleeping he calls awake and one who is awake he says asleep.***
***The living one he says dead, and he weeps not for those who are really dead.***
***He who is coming he says is going and one who is gone he says to have come.***
***Man calls another's property has own and his own he likes not.***
***What is sweet, he calls bitter and the bitter he calls sweet.***
***One imbued with Lord's Love, he slanders. Such is what I have seen in the Dark-age.***
***Man serves the hand-maiden but the Master he sees not.***
***By churning the pool water, no butter comes out.***
*He who understands the meaning of this state is my teacher.*
*O Nanak he who knows his own self is infinite and unrivalled.*

***Thou purchases glass, rejects gold, bear love with the enemy and abandon the True Friend.***
***The Lord, that is, seems bitter and mammon, that is not seems sweet to thee. Engrossed in evil, thou are burnt down.*** *823*

Hearing the calls of helplessness and moaning of this creation, *Guru* Nanak **repeatedly proclaimed that there is only one way of being saved from this 'fiery ocean'** which is by following the *Gurbani* verse: *'The dreadful, formidable and unfathomable world-ocean is crossed through the Guru's Instruction* ' by **adhering to the *Guru's Shabad*** (Wordless-Word or *Naam*)

To follow this path of '*Guru* Shabad, *Guru Sahiban* have **shown us a very beautiful and skillful way.**

Come! let us discuss this **Spiritual-path**.

Drifting in the materialistic life-current, we are suffering. There is **one and only one way** of saving ourselves from this. We should **change** our life from the '**materialistic orientation**' into the **exactly 'opposite' 'spiritual orientation'** and thus reach the abode of *Guru* Nanak.

As long as we do not '**change' our life** in both word and deed towards a comfort and relish-giving goal, until then a plausible **change** can never occur in our life.

To understand this subject, contemplation on following points is essentially needed: **--**

1. ਸਾਡੇ ਜੀਵਨ ਕਿਸੇ ਨ ਕਿਸੇ ਮਾਇਕੀ ਅਥਵਾ ਪਦਾਰਥਕ '**ਵੇਗ**' ਵਿਚ ਰੁੜ ਰਹੇ ਹਨ। ਕਿਉਂਕਿ ਅਸੀਂ ਇਸ ਮਾਇਕੀ ਸੰਸਾਰ ਵਿਚ **ਜਨਮ** ਲਿਆ ਹੈ, ਇਸ ਲਈ **ਇਸ ਦੀ 'ਪਾਹ', ਤੇ ਰੰਗਤ ਤੋਂ ਬਚਣਾ ਅਸੰਭਵ ਹੈ।**

'ਲਿਵ ਛੁੜਕੀ ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥'

(ਪੰਨਾ—921)

ਇਸ ਪੰਕਤੀ ਅਨੁਸਾਰ, ਸੰਕੇਤ ਮਿਲਦਾ ਹੈ, ਕਿ ਮਾਤਾ ਦੇ ਉਦਰ ਵਿਚ, ਜੀਵ ਅੰਦਰ ਕੋਈ '**ਜੀਵਨ-ਰੌਂ**' **ਚਲ ਰਹੀ ਸੀ**, ਉਹ ਸੀ, ਨਿਰੰਕਾਰੀ ਦੇਸ਼ ਦੀ **ਲਗਨ**, '**ਇਲਾਹੀ ਲਿਵ**', ਜਿਸ ਨੇ ਇਸ ਜੀਵ ਦੀ ਗਰਭ ਅਗਨੀ ਵਿਚ ਰਖਿਆ ਕੀਤੀ। ਪ੍ਰੰਤੂ ਜਨਮ ਲੈਂਦੇ ਸਾਰ ਹੀ ਉਹ **ਜੀਵਨ-ਰੌਂ ਬਦਲ ਗਈ** ਅਤੇ ਮਾਇਕੀ ਮੰਡਲ ਵਿਚ ਪ੍ਰਵੇਸ਼ ਕਰਦਿਆਂ ਹੀ ਮਾਇਆ ਨੇ ਆਪਣਾ ਅਸਰ ਪਾਉਣਾ ਆਰੰਭ ਕਰ ਦਿਤਾ।

ਜਦ ਤਾਂਈ 'ਜੀਵ' ਨੂੰ 'ਮਾਇਆ' ਦਾ ਰੰਗ ਯਾ 'ਪਾਹ' ਨਹੀਂ ਚੜ੍ਹਦੀ, ਇਹ **'ਆਤਮ ਪ੍ਰਕਾਸ਼ ਮੰਡਲ' ਵਿਚ ਵਿਚਰਦਾ ਹੈ ਅਤੇ ਬੇਅੰਤ ਆਤਮਿਕ 'ਗੁਣ' ਮਾਣਦਾ ਤੇ ਪ੍ਰਕਾਸ਼ਦਾ ਹੈ।**

ਪਰ, ਜਦ 'ਜੀਵ' ਨੂੰ ਮਾਇਆ ਦੀ 'ਪਾਹ' ਯਾ '**ਪਿਉਂਦ' ਚੜ੍ਹ ਜਾਂਦੀ ਹੈ** ਤਾਂ ਉਸ ਵਿਚ **ਮਾਇਕੀ ਮੰਡਲ ਦੇ ਸਾਰੇ 'ਅਉਗੁਣ' ਪ੍ਰਵੇਸ਼ ਹੁੰਦੇ ਜਾਂਦੇ ਹਨ।** ਜਿਉਂ-ਜਿਉਂ ਇਹ **ਮਾਇਆ ਦੀ 'ਰੰਗਤ' ਗਾੜ੍ਹੀ ਹੁੰਦੀ ਜਾਂਦੀ ਹੈ**—ਤਿਉਂ-ਤਿਉਂ ਉਹ ਆਪਣੇ 'ਅਸਲੇ', ਅਥਵਾ **'ਆਤਮ ਮੰਡਲ' ਨੂੰ 'ਭੁਲਦਾ' ਅਤੇ ਉਸ ਤੋਂ 'ਬੇਮੁਖ' ਹੁੰਦਾ ਜਾਂਦਾ ਹੈ।** ਇਸ ਤਰ੍ਹਾਂ ਜੀਵ ਮਾਇਆ ਵਿਚ 'ਖਚਤ' ਹੁੰਦਾ ਜਾਂਦਾ ਹੈ।

2. ਸਾਡਾ ਹੁਣ ਦਾ ਮਾਇਕੀ '**ਜੀਵਨ ਵੇਗ**' ਸਾਨੂੰ ਦੁਖਾਂ ਦੇ ਅਸਗਾਹ ਸਮੁੰਦਰ ਵਲ ਲੈ ਜਾ ਰਿਹਾ ਹੈ, ਅਤੇ ਅਸੀਂ **ਦੁਖਾਂ ਦੇ ਸਾਗਰ ਵਿਚ ਅੰਨ੍ਹੇ-ਵਾਹ ਰੁੜ੍ਹੇ ਜਾ ਰਹੇ ਹਾਂ।**

3. ਇਸ ਦੁਖਾਂ ਭਰੀ ਅਵਸਥਾ ਤੋਂ **ਬਚਣ ਦਾ ਵੀ ਕੋਈ ਟਿਕਾਣਾ ਹੈ**, ਜਿਥੇ :—

**'ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥'**

ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥ (ਪੰਨਾ—1302)

ਵਾਲੀ ਸਦਾ ਚੜ੍ਹਦੀ ਕਲਾ ਹੈ।

ਉਪਰੋਕਤ ਤਿੰਨ ਨੁਕਤਿਆਂ ਨੂੰ ਚੰਗੀ ਤਰ੍ਹਾਂ ਸਮਝ ਕੇ, ਆਪਣੇ **ਜੀਵਨ ਦਾ ਰੁਖ ਮੋੜੇ ਬਿਨਾਂ**, ਅਸੀਂ ਕਦਾਚਿਤ **ਦੁਖਾਂ ਤੋਂ ਬਚ ਨਹੀਂ ਸਕਾਂਗੇ**, ਅਤੇ ਨਾ ਹੀ ਕਦੇ



1. Our lives are '**flowing**' with one or another *Mayaci* or materialistic impulse. Since we are born in the *Mayaci* world, it is well-nigh **impossible to escape from its 'temper' and hue.**

*The Lord's Love departs, greed attaches to the child and mammon's writ begins to run.* *921*

From this verse we understand that in the mother's womb, a '**life current' was flowing** in the fetus which was the **Lord's meditation**, and which kept the body safe from the fire of the womb. But immediately upon birth this '**life-current' underwent a change** as the *Mayaci* Realm started to exert its influence.

As long as the human being is not affected by the temper or hue of *Maya* he **lives in the Spiritually Illumined Realm** and **enjoys numerous Divine virtues and experiences.**

But when the influence of **materialism gets grafted on to him** then all the **'vices' or 'demerits' of the materialistic realm enter him**. As the 'colouring' of this materialism gets more and more pronounced, so he **forgets his 'origin' or 'spiritual realm'** and **turns away from it.** In this way man becomes completely immersed in materialism.

2. This '**tide and torrent**' of materialism that we are flowing with in our present life is **blindly dragging us headlong** into the deepest depths of the ocean of misery, misfortune and mortality.

3. To escape from such a bad state of existence there is a place where:

***One has no pain - one is totally at peace. With ones eyes, one sees only the One Lord.***
*No one seems evil - all are good. There is no defeat - one is totally victorious.* *1302*

This is a place where *Chardhi kalaa* (high spirit and morale) reign forever.

Understanding the above three points and **without** bringing about **an 'about-turn'** in our present way of life, we **will never escape the miseries** and worries of this world, **neither can we attain everlasting joy and bliss**

**ਸਦੀਵੀ ਸੁਖ ਦੀ ਪ੍ਰਾਪਤੀ ਹੋ ਸਕੇਗੀ।** ਜਿਉਂ ਜਿਉਂ ਸਤਿਸੰਗ, ਅਤੇ ਸਿਮਰਨ ਦੁਆਰਾ ਸਾਡੇ ਨਿਤ ਦੇ ਜੀਵਨ ਦਾ **'ਰੁਖ' ਬਦਲੇਗਾ**, ਤਿਉਂ ਤਿਉਂ ਸਾਡੇ ਮਨ, ਬਚ, ਕਰਮਾਂ ਵਿਚ **ਤਬਦੀਲੀ** ਆਉਂਦੀ ਜਾਵੇਗੀ। ਇਥੋਂ ਤਕ ਕਿ ਸਾਡਾ **'ਮੈ-ਮੇਰੀ'** ਵਾਲਾ **'ਆਪਾ-ਭਾਵ'** ਬਿਲਕੁਲ ਖਤਮ ਹੋ ਜਾਵੇਗਾ।

ਗੁਰੂ ਫੁਰਮਾਨ ਹੈ :—

**"ਉਲਟ ਭਈ ਜੀਵਤ ਮਰਿ ਜਾਗਿਆ ॥**
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ।" (ਪੰਨਾ 221)

**'ਜੀਵਤ ਭਾਵ' ਤੋਂ ਮਰਕੇ**, ਜੀਵ ਨੂੰ **'ਜਾਗਰਤੀ' ਪ੍ਰਾਪਤ ਹੁੰਦੀ ਹੈ**, ਅਤੇ **'ਸਬਦ' ਵਿਚ ਰਤੇ ਜਾਣ ਤੇ, 'ਉਲਟੀ' ਖੇਡ ਵਰਤਦੀ ਹੈ।** ਮਨ **'ਨਾਨਕ-ਦੇਸ਼'** ਵਿਚ ਤਾਰੀਆਂ ਲਾਉਣ ਲਗ ਜਾਂਦਾ ਹੈ, ਅਤੇ **'ਪਰਮ-ਅਨੰਦ'** ਨੂੰ ਪ੍ਰਾਪਤ ਹੋ, ਆਪ ਮੁਹਾਰੇ **'ਵਾਹੁ ਵਾਹੁ' ਕਹਿ ਉਠਦਾ ਹੈ।** ਇਸ ਸਬੰਧੀ ਕਬੀਰ ਸਾਹਿਬ ਦਾ ਫੁਰਮਾਨ ਹੈ :—

**"ਜਮ ਤੇ ਉਲਟਿ ਭਏ ਹੈ ਰਾਮ ॥**
**ਦੁਖ ਬਿਨਸੇ ਸੁਖ ਕੀਓ ਬਿਸਰਾਮ ॥**
**ਬੈਰੀ ਉਲਟਿ ਭਏ ਹੈ ਮੀਤਾ ॥**
**ਸਾਕਤ ਉਲਟਿ ਸੁਜਨ ਭਏ ਚੀਤਾ ॥੧॥**
ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥
ਸਾਂਤਿ ਭਈ ਜਬ ਗੋਬਿੰਦੁ ਜਾਨਿਆ ॥੧॥ ਰਹਾਉ ॥
ਤਨ ਮਹਿ ਹੋਤੀ ਕੋਟਿ ਉਪਾਧਿ ॥
**ਉਲਟਿ ਭਈ ਸੁਖ ਸਹਜਿ ਸਮਾਧਿ ॥**
ਆਪੁ ਪਛਾਨੈ ਆਪੈ ਆਪ ॥
ਰੋਗੁ ਨ ਬਿਆਪੈ ਤੀਨੌ ਤਾਪ ॥੨॥
**ਅਬ ਮਨੁ ਉਲਟਿ ਸਨਾਤਨੁ ਹੂਆ ॥**
**ਤਬ ਜਾਨਿਆ ਜਬ ਜੀਵਤ ਮੂਆ ॥**
ਕਹੁ ਕਬੀਰ ਸੁਖਿ ਸਹਜਿ ਸਮਾਵਉ ॥
ਆਪ ਨ ਡਰਉ ਨ ਅਵਰ ਡਰਾਵਉ ॥ ੩ ॥" (ਪੰਨਾ—326)

ਸਤਿਸੰਗ ਵਿਚ ਦਮ-ਬ-ਦਮ ਗੁਰ-ਸ਼ਬਦ ਦੀ ਅਤੁਟ ਕਮਾਈ ਦੁਆਰਾ, ਜੀਵ ਦਾ **ਸੁਭਾਉ ਅਤੇ ਵਰਤਾਰਾ ਹੀ ਉਲਟ** ਹੋ ਜਾਂਦਾ ਹੈ। ਸਤਿਗੁਰੂ ਦੀ ਕਿਰਪਾ ਦੁਆਰਾ, ਜਦੋਂ 'ਸਤਿ-ਚਿਤ-ਅਨੰਦ' ਗੋਬਿੰਦ ਜੀ ਨਾਲ, ਜੀਵ ਦਾ **ਅੰਤਰ-ਆਤਮੇ 'ਸੰਪਰਕ'**



nor peace of mind. Sitting in the company of the holy and meditating on God's Name will bring about a wondrous **change** in our mind, word and deed so much so that our 'egotism' or '**me-mine**' will vanish altogether.

*When I turned away, and became dead while yet alive, I was awakened.*
*Chanting the Word of the Shabad, my mind is attached to the Lord.* 221

When we '**die to this world**', we '**wake up**' to a new life indeed and due to being **absorbed in the '*Shabad'*, the unreal becomes real**. The mind begins to swim in the ocean of '**Divine Life**' Attaining '**Divine Bliss**', it **bursts into sallies of 'Wah-wah**! (Hail, Hail).
In this context Kabir *Sahib* says**: --**

***Instead of heading towards death, I have turned towards the Lord.***
***Anguish is annulled and I abide in peace.***
***Mine enemies have turned into friends.***
***The apostates have changed into hearty good folk**. ||1||*
*I now deem everything to be peace bestowing.*
*Since I have realized the world preserver, calmness and composure have come to me. ||1||Pause||*
*There were millions of ills in the body.*
***They have turned into peace and calm concentration.***
*When man himself understands his Ownself,*
*he suffers not from illness and the three fevers. ||2||*
***My mind has now reverted to its original purity.***
***When I became dead in life, then alone I came to know the Lord.***
*Says Kabeer, I have now merged into celestial bliss.*
*I myself fear none, nor do I inspire fear in anyone else.* 326

Through the continued cultivation of the *Guru Shabad* (Wordless word) in the company of the holy, a person's entire **behavior, manners and mental make-up take a turn for the better**. With the *Guru's* Grace when '**rapport' is established** with the benevolent God**, Divine Peace, Sacred Coolness and an**

ਹੁੰਦਾ ਹੈ, ਤਾਂ **ਸ਼ਾਂਤੀ ਹੀ ਸ਼ਾਂਤੀ, ਠੰਡ ਹੀ ਠੰਡ ਵਰਤ ਜਾਂਦੀ ਹੈ,** ਅਤੇ **ਅਕਹਿ ਅਨੰਦ ਦੀ ਪ੍ਰਾਪਤੀ ਹੁੰਦੀ ਹੈ।**

ਇਸ ਤਰ੍ਹਾਂ ਜੀਵ ਦਾ ਬਾਹਰਲਾ ਵਰਤਾਰਾ—"**ਬੁਰਾ ਨਹੀ ਸਭ ਭਲਾ ਹੀ ਹੈ ਰੇ**" ਵਾਲਾ ਹੋ ਜਾਂਦਾ ਹੈ। ਪਹਿਲੋਂ-ਪਹਿਲ ਇਹ ਅਵਸਥਾ ਸਦੀਵੀ ਨਹੀਂ ਰਹਿੰਦੀ, ਪਰ ਜਿਉਂ-ਜਿਉਂ **'ਗੁਰ-ਸਬਦ'** ਵਿਚ ਮਨ ਲੀਨ ਹੁੰਦਾ ਜਾਂਦਾ ਹੈ, ਤਿਉਂ-ਤਿਉਂ **ਸਦੀਵੀ ਦ੍ਰਿੜ੍ਹ ਅਵਸਥਾ** ਪ੍ਰਾਪਤ ਹੁੰਦੀ ਜਾਂਦੀ ਹੈ, ਅਤੇ ਜੀਵ, **ਸਹਿਜ-ਸੁਖ ਵਿਚ ਟਿਕਿਆ ਹੋਇਆ**—ਕਿਸੇ **ਉਮਾਹ, ਉਤਸ਼ਾਹ ਅਤੇ 'ਚੜ੍ਹਦੀ ਕਲਾ' ਵਿਚ ਵਿਚਰਦਾ ਹੈ।** ਫਿਰ ਤੁਰਦੇ, ਫਿਰਦੇ, ਬਹਿੰਦੇ, ਉਠਦੇ **'ਸਹਿਜ-ਅਨੰਦ'** ਬਣਿਆ ਰਹਿੰਦਾ ਹੈ। ਜਿਵੇਂ ਗੁਰੂ ਵਾਕ ਹੈ :—

'ਸਾਇਰ ਸਪਤ ਭਰੇ ਜਲ ਨਿਰਮਲਿ, **ਉਲਟੀ ਨਾਵ ਤਰਾਵੈ ॥**
ਬਾਹਰਿ ਜਾਤੌ ਠਾਕਿ ਰਹਾਵੈ, **ਗੁਰਮੁਖਿ ਸਹਜਿ ਸਮਾਵੈ ॥**'

(ਪੰਨਾ—1332)

ਇਸ ਤਰ੍ਹਾਂ **ਅਨੰਦ ਦੀ ਪ੍ਰਾਪਤੀ, ਰੋਮ-ਰੋਮ ਅੰਦਰ ਮਹਿਸੂਸ ਹੁੰਦੀ ਰਹਿੰਦੀ ਹੈ। ਆਪਣਾ 'ਆਪਾ'** :—

**ਮਿਠਾ-ਮਿਠਾ**
**ਸੁਹਣਾ-ਸੁਹਣਾ**
**ਠੰਡਾ-ਠੰਡਾ**
**ਹਲਕਾ-ਹਲਕਾ**
**ਪਿਆਰਾ-ਪਿਆਰਾ**
**ਨਿੱਘਾ-ਨਿੱਘਾ**
**ਖਿੜਿਆ-ਖਿੜਿਆ**

**ਮਹਿਸੂਸ ਹੁੰਦਾ ਹੈ।**

ਇਥੋਂ ਤੱਕ ਕਿ **'ਆਪਾ ਭਾਵ'** ਬਿਲਕੁਲ **ਖਤਮ ਹੋ ਜਾਂਦਾ ਹੈ,** ਅਤੇ **'ਤੂੰ ਤੂੰ ਕਰਤਾ ਤੂ ਹੂਆ'** ਦੀ ਅਵਸਥਾ ਵਾਪਰਦੀ ਹੈ, ਸਭ ਚਿੰਤਾ, ਝੋਰੇ ਦੂਰ ਹੋ ਕੇ **ਅਕਹਿ ਸੁਖ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ।**

ਗੁਰੂ ਪੰਚਮ ਪਾਤਸ਼ਾਹ ਜੀ ਦਾ ਹੁਕਮ ਹੈ :—

"ਜਿਨਾ ਬਾਤ ਕੋ ਬਹੁਤੁ ਅੰਦੇਸਰੋ, ਤੇ ਮਿਟੇ ਸਭਿ ਗਇਆ ॥
ਸਹਜ ਸੈਨ ਅਰੁ ਸੁਖਮਨ ਨਾਰੀ, ਊਧ ਕਮਲ ਬਿਗਸਇਆ ॥"



**indescribable Bliss descend upon the person**.

In this way one's behavior reflects the essence of '***There is nothing bad, but all's well with the world!***' In the beginning, such a state of mind is not lasting. But as one's mind gets more and more steeped in the '***Guru's* Word**', one gets more and more drenched in Divinity and the mind becomes **more and more firm.** Such a state of **Divine-bliss** is ever lasting, full of **'joy', 'enthusiasm' and 'high spirits'**, which continues even when the devotee is walking, sitting, standing, etc. In this connection *Guru Ji* says:-

*His seven seas are then filled with the immaculate water of the Name and the* ***inverted boat of his mind upturns and floats across****.*
*His outgoing mind, he stops and stays and by the* ***Guru's grace, merge he in the Lord.*** *1332*

Thus the **acquisition of bliss is felt in every pore of a person's body. His 'inner self' feels:--**

sweet
beautiful
cool
light
loving-lovely
warm
blossoming.

So much so that his '**individual self' completely ceases to be** and while saying **'You! You! he becomes a very part of that You**, and completely merges himself in Him. In such a state all worries, grief vanish, and an **indescribable peace and bliss descends on the devotee**.

The fifth *Guru Sahib* has commanded**: --**

*The things which ever caused me great anxiety, they all have now vanished.*
*I now sleep in peace, abide in the supreme spiritual bliss and my inverted heart lotus has bloomed.*

**ਦੇਖਹੁ ਅਚਰਜੁ ਭਇਆ ॥**
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ ॥
ਰਹਾਉ ॥
ਜੋਇ ਦੂਤ ਮੋਹਿ ਬਹੁਤੁ ਸੰਤਾਵਤ, ਤੇ ਭਇਆਨਕ ਭਇਆ ॥
ਕਰਹਿ ਬੇਨਤੀ ਰਾਖੁ ਠਾਕੁਰ ਤੇ, ਹਮ ਤੇਰੀ ਸਰਨਇਆ ॥ (ਪੰਨਾ—612)

ਅਸੀਂ ਸੰਸਾਰ ਦੇ ਵਰਤ-ਵਰਤਾਰੇ ਵਲ ਨਿਗਾਹ ਮਾਰੀਏ, ਤਾਂ ਨਿੱਤ ਦੇ ਜੀਵਨ ਤੋਂ **ਇਹ ਗੱਲਾਂ ਉਭਰ ਕੇ ਸਾਹਮਣੇ ਆਉਣਗੀਆਂ**, ਕਿ ਸੰਸਾਰ ਵਿਚ :—

1. ਲੈ ਕੇ ਖੁਸ਼ ਹੋਣ ਵਾਲੇ ਸਾਰੇ, ਪਰ **'ਹਥੋਂ ਦੇ ਕੇ ਭਲਾ ਮਨਾਉਣ'** ਵਾਲਾ ਕੋਈ **ਵਿਰਲਾ**;
2. ਕਥਨੀ ਵਾਲੇ 'ਗਿਆਨੀ' ਸਾਰੇ, ਪਰ **ਕਮਾਉਣ ਵਾਲਾ** ਕੋਈ **ਵਿਰਲਾ**;
   **'ਜਗਿ ਪੰਡਿਤੁ ਵਿਰਲਾ ਵੀਚਾਰੀ ॥'** (ਪੰਨਾ—413)
3. **ਖਾਣ ਵਾਲੇ** ਸਾਰੇ, ਪਰ **'ਖੁਆਉਣ'** ਵਾਲਾ ਕੋਈ ਵਿਰਲਾ ।
4. **'ਪਰ-ਅਉਗੁਣ'** ਤੱਕਣ ਵਾਲੇ ਸਾਰੇ, ਪਰ **ਆਪਣੇ ਅਉਗੁਣਾਂ ਵਲ ਨਿਗਾਹ ਮਾਰਨ ਵਾਲਾ ਕੋਈ ਵਿਰਲਾ**;
   'ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥' (ਪੰਨਾ—1378)
5. ਲੋਕਾਂ ਦੇ ਅਉਗੁਣਾਂ ਦੀ **'ਚਰਚਾ'** ਕਰਨ ਵਾਲੇ ਸਾਰੇ, ਪਰ **'ਦੇਖ ਕੇ ਅਣਡਿਠਾ'** ਤੇ **'ਸੁਣ ਕੇ ਅਣਸੁਣਾ' ਕਰਨ ਵਾਲਾ ਕੋਈ ਵਿਰਲਾ**;
   'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥' (ਪੰਨਾ—766)
6. **ਕੌੜਾ ਤੇ ਫਿਕਾ ਬੋਲਣ ਵਾਲੇ** ਸਾਰੇ, **'ਮਿੱਠਾ' ਬੋਲਣ ਵਾਲਾ** ਕੋਈ **ਵਿਰਲਾ**;
7. 'ਨਿੰਦਾ' ਕਰਨ ਵਾਲੇ ਸਾਰੇ, **ਆਪਣੀ ਨਿੰਦਾ ਸੁਣ ਕੇ ਖੁਸ਼** ਹੋਣ ਵਾਲਾ **ਕੋਈ ਵਿਰਲਾ**;
8. **'ਬੁਰਾ'** ਕਰਨ ਵਾਲੇ ਬਹੁਤ, ਪਰ **ਬੁਰੇ ਨਾਲ ਭਲਾ ਕਰਨ ਵਾਲਾ ਕੋਈ ਵਿਰਲਾ**;
   'ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨ ਨ ਹਢਾਇ ॥' (ਪੰਨਾ-1381)
9. ਲੋਕਾਂ ਨਾਲ **'ਰੋਸੇ-ਗਿਲੇ'** ਕਰਨ ਵਾਲੇ ਸਾਰੇ, 'ਰੋਸੁ ਨਾ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥' ਵਾਲਾ ਕੋਈ **ਵਿਰਲਾ**;
10. **'ਈਰਖਾ-ਦਵੈਤ'** ਦੀਆਂ **ਗੰਢਾਂ ਬੰਨਣ ਵਾਲੇ** ਸਾਰੇ—**'ਪਰ ਕਾ ਬੁਰਾ ਨ ਰਾਖਹੁ ਚੀਤ' ਵਾਲਾ ਕੋਈ** ਵਿਰਲਾ;



***Lo, a wondrous thing has happened**. The Lord, whose knowledge is spoken of as unfathomable, has enshrined within my mind. Pause.*

*The demons, who greatly tortured me, have themselves become panic-stricken. Say they, "Pray, save us from thy Lord. We have sought thy protection".* 612

If we take a peek at our worldly dealings, then **following will become obvious from our daily life :--**

1. There are many who delight in taking, but **hardly any who experience enjoyment in giving.**
2. There are many who delight in teaching and preaching, but **hardly any who practice the precepts**

   ***'Rare in the world is a scholar who is a man of deliberation**.'* 413
3. All want to to eat, but hardly any who enjoy **'feeding'** others.
4. All look for vices of others, but hardly any **who delight in self-introspection.**

   *Look underneath your own collar instead.* 1378
5. All delight in 'playing up' other's faults, but hardly any who **turns a blind eye or ignores (slander).**

   *Let us form a partnership with virtues and abandoning vices walk the Lord's way.* 766
6. All **delight in harsh and rude talk**, but hardly any who delights in soft, **'sweet' and soothing speech**.
7. All delight in 'slander' of others, but hardly any who **delights in listening to his own denunciation.**
8. All enjoy in '**evil**' doing, but hardly any **who delight in returning good for evil.**

   *Farid! Do good deeds for evil and harbor not wrath in thy mind.* 1381
9. All bear '**resentment-grievance**' towards others, but **rare** are those who follow the adage, '*be not angry with anyone but reflect on thy own-self'*.
10. All have ties and bundles of '**jealousy-duality**', but **rarely someone** who '***does not harbor evil intentions against others in their mind'***.

11. **‘ਡੰਡੀ ਮਾਰਨ ਵਾਲੇ’** ਬਹੁਤ, ਪਰ **‘ਪੂਰਾ ਤੋਲਨ’ ਵਾਲਾ ਕੋਈ** ਵਿਰਲਾ;
12. **‘ਡੰਗ ਟਪਾਊ’** ਸਾਰੇ, ਪਰ **‘ਫਰਜ਼-ਡਿਊਟੀ’** ਨਿਭਾਉਣ ਵਾਲਾ ਕੋਈ **ਵਿਰਲਾ;**
13. **‘ਅਗ ਲਾਉਣ’**, ਵਾਲੇ ਸਾਰੇ, ਪਰ **‘ਬੁਝਾਉਣ’ ਵਾਲਾ ਕੋਈ ਵਿਰਲਾ;**
14. ਦਿਲ ਦੇ ਸ਼ੀਸ਼ੇ ਨੂੰ **‘ਤੋੜਣ’** ਵਾਲੇ ਸਾਰੇ, **‘ਜੋੜਣ’ ਵਾਲਾ ਕੋਈ ਵਿਰਲਾ;**
    ‘ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥’ (ਪੰਨਾ—1384)
15. ਖਿੜੇ ਹੋਏ ਹਿਰਦੇ ਨੂੰ **‘ਮੁਰਝਾਉਣ’** ਵਾਲੇ ਸਾਰੇ, **ਮੁਰਝਾਇਆਂ ਨੂੰ ‘ਖਿੜਾਉਣ’ ਵਾਲਾ ਕੋਈ ਵਿਰਲਾ ।**

    "ਫਲ ਦੇ ਵਟ ਵਗਾਇਆਂ ਤਛਣਹਾਰੇ ਤਾਰਿ ਤਰੰਦਾ ॥
    ਤਰਿ ਡੁਬੈ ਡੁਬਾ ਤਰੈ ਜਿਣਿ ਹਾਰੈ ਹਾਰੈ ਸੁ ਜਿਣੰਦਾ ॥
    **ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸ ਨਿਵੰਦਾ ॥**
    **ਆਪਹੁ ਕਿਸੈ ਨ ਜਾਣੈ ਮੰਦਾ ॥"** (ਵਾ: ਭਾ: ਗੁ: 28/12)

**ਗੱਲ ਕੀ, ਹਰ ਪਾਸੇ :—**

**ਠੱਗੀ-ਠੋਰੀ**
**ਵਢੀ-ਖੋਰੀ**
**ਕੰਮ ਦੀ ਚੋਰੀ**
**ਟਾਲ-ਮਟੋਲ**
**ਲਾਰੇਬਾਜ਼ੀ**
**ਦਗ਼ਾ**
**ਫ਼ਰੇਬ,**

**ਦਾ ਬੋਲ-ਬਾਲਾ ਤੇ ਵਰਤ ਵਰਤਾਰਾ ਹੈ ।**

**ਉਹ ਕਿਹੜਾ ਅਉਗੁਣ ਹੈ ਜੋ ਸਾਡੇ ਵਿਚ ਨਹੀਂ ਹੈ !** ਮਨ, ਬਚ, ਕਰਮਾਂ ਕਰਕੇ ਰਾਤ ਦਿਨ **‘ਕੂੜ ਫਿਰੈ ਪਰਧਾਨ ਵੇ ਲਾਲੋ’** ਵਾਲਾ ਜੀਵਨ ਬਤੀਤ ਕਰ ਰਹੇ ਹਾਂ । **ਸਮਾਜਿਕ ਹਾਲਤ ਤਾਂ ਨਰਕ ਤੋਂ ਵੀ ਭੈੜੀ ਹੋ ਚੁੱਕੀ ਹੈ ।**

ਗੁਰੂ ਬਾਬੇ ਨੇ ਸਾਨੂੰ :—

**‘ਸੱਚੇ ਸੌਦੇ’** ਕਰਨੇ ਸਿਖਾਏ
**‘ਤੇਰਾਂ-ਤੇਰਾਂ’** ਤੋਲਣਾ ਦਸਿਆ
**‘ਹਥੋਂ ਦੇ ਕੇ ਭਲਾ ਮਨਾਉਣਾ’** ਸਿਖਾਇਆ
**‘ਅਣਹੋਂਦਾ ਆਪ ਵੰਡਾਉਣ’ ਦੀ** ਜਾਚ ਦੱਸੀ ।

11. ‘**Weighing short**’ are many, but **rarely someone** who weighs ‘**full and complete**’ measure.
12. Most while away their time but **rarely someone who** perform their ‘**duties and responsibilities**’ fully.
13. All **‘set fires**’, but **rarely someone** delights in ‘**extinguishing**’ them.
14. All delight in ‘**breaking’** hearts, but **rarely someone who** ‘**mends’** them with love.

    *Break not any one’s heart as invaluable are these jewels.* *1384*

15. All delight in ‘**trampling**’ hearts, but **rarely someone** who delights in **blossoming the trampled**.

    *A tree gives fruits to stone thrower and wooden boat to the cutter to get him across.*
    *He who goes swimming is drowned and he who drowns swims across.*
    *(Similarly) winners in the world lose and the losers (becoming detached ultimately) win.*
    ***Reversal in the tradition of love makes the head bow to the feet.***
    ***He (the Gurmukh) considers none as bad.*** *BGV 28/12*

The fact is that everywhere there is: --

cheating-beating
bribery-corruption
shirking lurking
dillying-dallying
practice of false promises
treachery
deceit

prevailing and flourishing.

Is there any sin or vice that we do not have? In thought, word and deed, we are day and night living our lives where, *‘O Lalo! It is only falsehood that reigns supreme.*’ Social conditions have become worse than hell.

*Guru* Nanak Dev Ji: **--**

Taught us to strike a ‘**True Bargain**’
Told us to weigh by saying that all is ‘**Yours-Yours**’
Taught us that to ‘**give’ is noble**’
Taught us to ‘**share without being noticed’**.

ਗੁਰੂ ਸਾਹਿਬਨ ਨੇ ਜ਼ੁਲਮ ਰੋਕਣ ਦੀ ਖਾਤਰ ਬਲੀਦਾਨ ਦੇ ਕੇ, ਸਾਨੂੰ ਇਹ ਸਿਖਾਇਆ, ਕਿ **ਅਸਲੀ ਜੀਵਨ ਤਾਂ 'ਲੋਕਾਈ ਖਾਤਰ ਜੀਊਣਾ, ਲੋਕਾਈ ਖਾਤਰ ਮਰਨਾ ਹੀ ਹੈ।'** ਅਸੀਂ ਗੁਰੂ ਬਾਬੇ ਦੇ ਦਰਸਾਏ **ਗਾਡੀ-ਰਾਹ ਤੋਂ ਖੰਝੇ ਜਾ** ਰਹੇ ਹਾਂ।

ਆਓ ! ਗੁਰੂ ਬਾਬੇ ਦੀ ਬਾਣੀ ਨੂੰ ਵੀਚਾਰਦੇ ਹੋਏ, ਆਪਣੇ ਜੀਵਨ ਨੂੰ **'ਪਲਟਾ' ਦੇਈਏ** ਤੇ **ਸੱਚੀ-ਸੁੱਚੀ ਸੇਧ ਵਿਚ ਤੁਰੀਏ।**

ਐਸੀ **'ਉਲਟੀ-ਖੇਲ'**, ਗੁਰੂ ਸ਼ਬਦ ਦੀ ਕਮਾਈ ਦੁਆਰਾ, **ਹਰਿ-ਰਸ ਵਿਚ ਰਤੇ ਜਾਣ ਨਾਲ ਹੀ ਪ੍ਰਾਪਤ** ਹੁੰਦੀ ਹੈ :

ਐਸੋ ਹਰਿ ਰਸੁ ਬਰਨਿ ਨ ਸਾਕਉ,
**ਗੁਰਿ ਪੂਰੈ ਮੇਰੀ ਉਲਟਿ ਧਰੀ ॥** (ਪੰਨਾ—823)

ਸਾਡੀ **'ਮੱਤਿ'** ਕੇਵਲ ਉਸ ਵੇਲੇ **ਬਦਲਣੀ ਸ਼ੁਰੂ ਹੁੰਦੀ ਹੈ**, ਜਦ ਅਸੀਂ ਆਪਣੇ **ਮਨ ਦਾ 'ਰੁਖ', ਸੰਸਾਰ ਵਲੋਂ ਮੋੜ 'ਗੁਰੂ' ਵਲ ਕਰਦੇ ਹਾਂ।** ਜਿਉਂ ਜਿਉਂ ਸਾਡੇ ਮਨ ਦਾ **'ਰੁਖ' ਗੁਰੂ ਵਲ ਮੁੜਦਾ ਜਾਂਦਾ ਹੈ**, ਤਿਉਂ ਤਿਉਂ ਸਾਡੇ ਵਿਚ **ਗੁਰੂ ਵਾਲੇ ਗੁਣ ਪ੍ਰਵੇਸ਼ ਹੁੰਦੇ** ਜਾਂਦੇ ਹਨ। ਗੁਰੂ ਵਾਕ ਹੈ :—

**ਗੁਰਮੁਖਿ ਹੋਵੈ ਸੁ ਪਲਟਿਆ, ਹਰਿ ਰਾਤੀ ਸਾਜਿ ਸੀਗਾਰਿ ॥**
(ਪੰਨਾ—785)

ਪਰ ਜੀਵ ਦੀ ਹਾਲਤ ਤਰਸਯੋਗ ਹੈ। **ਭਰਮ ਦੇ 'ਮੋਤੀਏ'**, ਕਾਰਨ ਇਸ ਨੂੰ **ਗੁਰੂ-ਪ੍ਰਮੇਸ਼ਵਰ ਆਪਣੇ ਨਾਲ ਅੰਗ-ਸੰਗ ਹੁੰਦਾ ਹੋਇਆ ਭੀ, ਅਨੁਭਵ ਨਹੀਂ ਹੁੰਦਾ**, ਅਤੇ **ਅੰਨੇ ਵਾਹ ਰਸਾਤਲ ਵਲ ਰੁੜਿਆ ਜਾ ਰਿਹਾ ਹੈ।**

ਗੁਰੂ ਅਰਜਨ ਦੇਵ ਜੀ ਦਾ ਪਾਵਨ ਫ਼ੁਰਮਾਨ ਹੈ :—

ਐਸੇ ਕਾਹੇ **ਭੂਲਿ ਪਰੇ ॥**
ਕਰਹਿ ਕਰਾਵਹਿ ਮੂਕਰਿ ਪਾਵਹਿ,
ਪੇਖਤ ਸੁਨਤ ਸਦਾ ਸੰਗਿ ਹਰੈ ॥ ੧ ॥ ਰਹਾਉ ॥
ਕਾਚ ਬਿਹਾਝਨ ਕੰਚਨ ਛਾਡਨ, ਬੈਰੀ ਸੰਗਿ ਹੇਤੁ, ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ, ਬਿਖਿਆ ਮਹਿ ਲਪਟਾਇ ਜਰੇ ॥ ੧ ॥
ਅੰਧ ਕੂਪ ਮਹਿ ਪਰਿਓ ਪਰਾਨੀ, ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ, ਗੁਰੁ ਭੇਟੈ ਕਾਢੈ ਬਾਹ ਫਰੇ ॥ ੨ ॥
(ਪੰਨਾ—823)



The *Guru Sahibs* taught us to stand up to tyrants through example of their own lives. They showed us that **real life is 'living for others, or dying for others**.' We are going **astray from the main path** shown by *Guru Baba Ji*.

Come! Contemplating on *Guru Baba Ji's Bani*, let us **do a complete 'about turn' and move along the true-pure path.**

Such a '**reverse play**' can only be achieved by getting **infatuated with spiritual love** through the cultivation of Guru's Word.

*Such is the Lord's elixir, that I cannot narrate. The Perfect Guru has turned me away from the world.* 823

Our thinking **undergoes a change** only, when we **'re-orient' our mind from worldliness to the *Guru***. A we keep **turning our mind towards the *Guru***, accordingly, we **keep acquiring the *Guru's* virtues**. The Guru says**:**

*She, who turns towards the Guru, retraces her steps and makes the decoration of being imbued with the love of her God.* 785

However, man's life is pitiable. Due to the '**cataract' of doubt-fallacy**, he does not awaken to **realize that the divine creator is ever-present within himself and is blindly drifting headlong into hell**.

*Guru* Arjan Dev Ji's sacred sermon is **:--**

*Why stray thou thus?*
*Thou do evil deeds and make others do evil and then you deny it. Thy God is with thee always and is watching and hears all. Pause.*
*Thou purchases glass, reject gold, bear love with the enemy and abandon the True Friend.*
*The Lord, that is, seems bitter and mammon, that is not seems sweet to thee. Engrossed in evil, thou are burnt down.*
*The mortal has fallen into the blind well and is entangled in the darkness of doubt and the bonds of worldly love.*
*Says Nanak, when the Lord becomes merciful, man meets with the Guru, who taking him by the arm pulls him out.* 832

ਅਕਾਲ ਪੁਰਖ ਦੇ **ਚਰਨ-ਕਮਲ ਦੀ ਮੌਜ ਛਡ ਕੇ, ਮਨੁਖ 'ਛਾਇਆ-ਰੂਪ' ਮਾਇਆ ਨੂੰ ਵਿਹਾਝਨ ਵਿਚ ਜੁਟਿਆ,** ਰਾਤ-ਦਿਨ **'ਪੈਸਾ'-'ਪੈਸਾ' ਕੂਕ ਰਿਹਾ ਹੈ।** ਕਾਮ, ਕ੍ਰੋਧ ਆਦਿ, ਜੋ ਇਸ ਦੇ ਵੈਰੀ ਹਨ, **ਉਹਨਾਂ ਨਾਲ ਪਿਆਰ,** ਅਤੇ **ਦੈਵੀ ਗੁਣ :—**

ਦਇਆ

ਧਰਮ

ਸਤ

ਸੰਤੋਖ

ਧੀਰਜ

ਖਿਮਾ

ਨਿਮ੍ਰਤਾ

ਅਨੰਦ

ਸ਼ਾਂਤੀ

ਮੈਤ੍ਰੀ-ਭਾਵ

ਸੇਵਾ-ਭਾਵ

ਆਪਾ-ਵਾਰਨਾ

ਪ੍ਰੇਮ

ਮਿਠਤ ਨੀਵੀਂ, ਆਦਿ

**—ਜੋ ਇਸ ਦੇ 'ਸੱਜਣ'** ਹਨ, **ਉਹਨਾਂ ਵਲੋਂ ਮੁਖ ਮੋੜੀ ਬੈਠਾ ਹੈ। ਸਦਾ ਸਹਾਈ ਪ੍ਰਮੇਸ਼ਰ ਨੂੰ ਛੱਡ, ਛਿਨ ਭੰਗਰ ਜੀਵਨ ਨੂੰ ਮਿੱਠਾ ਜਾਣ, ਵਿਹੁ ਰੂਪੀ ਮਾਇਆ ਵਿਚ ਲਿਪਟਿਆ ਹੋਇਆ ਵਾਹਿਗੁਰੂ ਤੋਂ 'ਬੇਮੁਖ' ਹੋ ਰਿਹਾ ਹੈ। ਭਰਮ ਦੇ ਗੁਬਾਰ** ਅਤੇ **ਮੋਹ ਦੇ ਬੰਧਨਾਂ ਕਾਰਨ ਅੰਨ੍ਹੇ ਖੂਹ ਵਿਚ ਗੋਤੇ ਖਾ ਰਿਹਾ ਹੈ।**

'ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥' (ਪੰਨਾ—133)

ਇਸ ਭਵਜਲ ਵਿਚੋਂ ਸਤਿਗੁਰੂ ਜੀ ਹੀ **ਬਾਂਹ ਫੜ ਕੇ** ਜੀਵ ਨੂੰ ਕਢ ਸਕਦੇ ਹਨ। ਸੋ ਗੁਰੂ ਗਰੀਬ ਨਿਵਾਜ ਸਾਡੇ ਜੀਆਂ ਤੇ ਤਰਸ ਕਰ ਕੇ, ਇਸ 'ਬਿਖਮ-ਅਸਗਾਹ ਭਵ-ਸਾਗਰ' ਤੋਂ ਬਚਣ ਦਾ ਰਾਹ **'ਸਾਧ-ਸੰਗਤ' ਦਾ ਆਸਰਾ ਹੀ ਦਸਦੇ ਹਨ,** ਜਿਥੋਂ ਸਾਨੂੰ **'ਨਾਮ' ਦੀ ਓਟ ਪ੍ਰਾਪਤ ਹੁੰਦੀ ਹੈ।** 'ਸਾਧ ਸੰਗਤਿ ਕੈ ਅੰਚਲਿ ਲਾਵਹੁ, ਬਿਖਮ ਨਦੀ ਜਾਇ ਤਰਣੀ' ਦੀ ਅਰਦਾਸ ਦੀ ਜਾਚਨਾ ਸਿਖਾਈ ਹੈ, ਅਤੇ **'ਨਾਮ ਦਾ 'ਓਹਲਾ'** ਲੈਣ ਦਾ ਉਪਦੇਸ਼ ਬਖਸ਼ਦੇ ਹਨ :—



Man turns his back on the **Timeless Bing's lotus feet** and lives in the **shadows of meaningless *Maya*, cries** day and night, '**money-money**'. He **loves lust, anger, etc., but turns away from Divine Virtues** like**: --**

Mercy

Righteousness

Truth

Contentment

Forgiveness

Humility

Bliss

Peace

Friendship

Service-orientated

Self-sacrifice

Love

Sweetness, etc.,

**--** which are his '**friends**'. He renounces the ever-helpful protecting Divinity, regards this **temporary life as sweet.** Engrossed in the **poison like materialism**, he is '**turning away' from *Waheguru***. In the darkness of doubt and bound in attachments he is repeatedly **plunging/ suffocating into a blind well**.

*Being entangled and enmeshed in the love of false occupations the whole world had perished.* *133*

Only the *Satguru*, can pull us out from this world ocean by taking **hold and pulling us by our arm**. So, the *Guru*, the sustainer of the poor, taking pity on us shows the way to save ourselves from the '**turbulent ocean**' **-** by taking support or protection of '***Sadh-Sangat***' – the company of the holy, the **source of attaining '*Naam'*** . He teaches us to pray– '*Attach me to the hem of 'Sadh Sangat' so that I may cross the formidable stream*' and gives us advice to take the '**protection of *Naam***'.

'ਰੇ ਮਨ ਓਟ ਲੇਹੁ ਹਰਿ ਨਾਮਾ ॥' (ਪੰਨਾ—901)

ਜੀਅ ਰੇ ਓਲ੍ਹਾ ਨਾਮ ਕਾ ॥
ਅਵਰੁ ਜਿ ਕਰਨ ਕਰਾਵਨੋ, ਤਿਨ ਮਹਿ ਭਉ ਹੈ ਜਾਮ ਕਾ ॥
(ਪੰਨਾ—211)

ਜਦ 'ਜੀਵ' ਦੇ **ਮਨ ਦਾ 'ਰੁਖ' ਆਤਮਾ ਵਲ ਹੁੰਦਾ ਹੈ** ਤਾਂ ਉਸ ਨੂੰ **'ਗੁਰਮੁਖ' ਕਿਹਾ ਜਾਂਦਾ ਹੈ।**

ਜਦ 'ਜੀਵ' ਦੇ ਮਨ ਦਾ ਰੁਖ ਅਪਣੀ ਆਤਮਾ ਵਲੋਂ **ਮੁੜ ਕੇ** ਅਥਵਾ **'ਭੁਲ' ਕੇ—ਮਾਇਆ ਵਿਚ ਖਚਤ ਹੋ ਜਾਂਦਾ ਹੈ**—ਉਦੋਂ ਉਸ ਨੂੰ **'ਮਨ-ਮੁਖ' ਕਿਹਾ ਜਾਂਦਾ ਹੈ।**

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥ (ਪੰਨਾ—1054)

ਜਦ 'ਜੀਵ' ਪਰਮਾਤਮਾ ਨੂੰ 'ਭੁਲ' ਕੇ ਉਸ ਦੀ **'ਹੋਂਦ' ਨੂੰ ਹੀ ਇਨਕਾਰ ਕਰਦਾ ਹੈ** ਅਤੇ ਆਪਣੀ **ਝੂਠੀ 'ਮੈਂ-ਮੇਰੀ' ਦੇ ਭਰਮ-ਭੁਲਾਵੇ ਵਿਚ 'ਹੰਕਾਰਿਆ' ਫਿਰਦਾ ਹੈ** ਤਾਂ ਉਸ ਨੂੰ **'ਸਾਕਤ' ਕਿਹਾ ਜਾਂਦਾ ਹੈ।** ਇਸ ਤਰ੍ਹਾਂ **'ਸਾਕਤ'** ਦੀ ਮਾਨਸਿਕ ਅਵਸਥਾ— ਗੁਰਮੁਖ ਦੀ ਆਤਮਿਕ ਅਵਸਥਾ ਤੋਂ, **ਐਨ 'ਉਲਟ' ਹੈ।**

ਐਸੇ **'ਸਾਕਤ'** ਪੁਰਸ਼ ਦੀ ਮਾਨਸਿਕ ਅਵਸਥਾ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ :—

'ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥ ੧ ॥
ਤਿਸੁ ਸਿਉ ਬੇਮੁਖੁ, ਜਿਨਿ ਜੀਉ ਪਿੰਡੁ ਦੀਨਾ ॥
ਕੋਟਿ ਜਨਮ ਭਰਮਹਿ ਬਹੁ ਜੂਨਾ ॥ ੧ ॥ ਰਹਾਉ ॥
**ਸਾਕਤ ਕੀ ਐਸੀ ਹੈ ਰੀਤਿ ॥**
**ਜੋ ਕਿਛੁ ਕਰੈ ਸਗਲ ਬਿਪਰੀਤਿ ॥ ੨ ॥**
**ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥**
**ਸੋਈ ਠਾਕੁਰੁ ਮਨਹੁ ਬਿਸਾਰਿਆ ॥ ੩ ॥"** (ਪੰਨਾ—195)
**"ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥**
**ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥ ੧ ॥**
**ਅਭਾਗੇ ਤੈ ਲਾਜ ਨਾਹੀ ॥**
**ਸੁਖ ਸਾਗਰ ਪੂਰਨ ਪਰਮੇਸਰੁ,**
**ਹਰਿ ਨ ਚੇਤਿਓ ਮਨ ਮਾਹੀ ॥ ੧ ॥** ਰਹਾਉ ॥
**ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥**



*O my soul seek thou the shelter of God's Name.* 901

*O man thy only support is the Master's Name.*
*Whatever else is done and caused to be done, in them is the fear of Death's courier. Pause.* 211

When a man's mind is **oriented towards the Lord (*Guru*), then he is called '*Gurmukh*'.**

When the man's mind '**turns away**' from his Soul and **gets immersed in materialism, then he is called '*Manmukh*'**.

*They alone are manmukh, who realize not the Name.*
*And understand not the essence of the Guru's Fear.* 1054

When man, forgetting God, **denies even His 'Existence'** and is going about full of **self-pride in the doubt-fallacy of his own false 'me-mine'**, he is said to be an '**apostate', or *Manmukh***. Therefore, the **mental state of an apostate** is **exactly the 'opposite'** to that of the *Gurmukh*.

The mental state of such an '**apostate**' is described in *Gurbani* thus**:--**

*Who eats wears and denies the Lord.*
*Him the couriers of the Righteous Judge stalk. ||1||*
*The mortal is faithless with Him, who has given him soul and body.*
*He wanders through millions of births and goes many existences. ||1||Pause||*
*Such is the life routine of the mammon worshipper*
*Whatever he does, all that is the evil way. ||2||*
*Who has created the soul, very life, mind and body,*
*Within his mind, the man grows forgetful of that Lord.||3||* 195

*In exchange for a trinket, one gives up the gem, He endeavors for that, what he has to leave.*
*He amasses that, which is a paltry thing, Bewitched by riches, he walks on the crooked path.*
*O luckless man, thou feels not shame.*
*In thy mind, thou rememberest not God, thy Perfect Transcendent Lord, the Ocean of peace. Pause.*
*Nectar thou deemest bitter and poison sweet. O mammon-worshipper, such is thy condition, which I have seen with mine own eyes.* 892

**ਕੂੜਿ ਕਪਟਿ ਅਹੰਕਾਰਿ ਰੀਝਾਨਾ ॥**
**ਨਾਮ ਸੁਨਤ ਜਨੁ ਬਿਛੂਅ ਡਸਾਨਾ ॥ ੨ ॥**
**ਮਾਇਆ ਕਾਰਣਿ ਸਦ ਹੀ ਝੂਰੈ ॥**
**ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥**
**ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥"**
(ਪੰਨਾ—892)

**"ਸਾਕਤ ਮੁਠੇ ਦੁਰਮਤੀ, ਹਰਿ ਰਸੁ ਨ ਜਾਣੰਨਿ ॥**
**ਜਿਨੀ ਅੰਮ੍ਰਿਤੁ ਭਰਮਿ ਲੁਟਾਇਆ, ਬਿਖੁ ਸਿਉ ਰਚਹਿ ਰਚੰਨਿ ॥**
**ਦੁਸਟਾਂ ਸੇਤੀ ਪਿਰਹੜੀ, ਜਨ ਸਿਉ ਵਾਦੁ ਕਰੰਨਿ ॥"** (ਪੰਨਾ—854)

ਸਾਡੇ ਕਮਜ਼ੋਰ ਅਤੇ ਬਦਲਵੇਂ 'ਮਨ' ਉਤੇ **'ਸੰਗਤ' ਦਾ ਅਸਰ ਹੋਣਾ ਅਵੱਸ਼ ਅਥਵਾ ਲਾਜ਼ਮੀ ਹੈ।**

"ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥" (ਪੰਨਾ—1369)

ਇਸੇ ਲਈ ਗੁਰਬਾਣੀ ਵਿਚ ਜੀਵਾਂ ਨੂੰ ਐਸੇ 'ਮਨਮੁਖ' ਅਥਵਾ **'ਸਾਕਤ' ਦੀ 'ਸੰਗਤ' ਤੋਂ ਬਚਣ ਦੀ ਇਉਂ** ਪ੍ਰੇਰਨਾ ਕੀਤੀ ਗਈ ਹੈ :—

**"ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ,**
**ਮਨ ਤਿਨ ਕੈ ਨਿਕਟਿ ਨ ਭਿਟੀਐ ॥"** (ਪੰਨਾ—170)

**"ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥"** (ਪੰਨਾ—1371)
"ਕਬੀਰ ਮਾਰੀ ਮਰਉ ਕੁਸੰਗ ਕੀ, ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ, **ਸਾਕਤ ਸੰਗੁ ਨ ਹੇਰਿ ॥"** (ਪੰਨਾ—1369)
**"ਸਾਕਤ ਸੰਗੁ ਨ ਕੀਜਈ ਪਿਆਰੇ, ਜੇ ਕਾ ਪਾਰਿ ਵਸਾਇ ॥**
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ, ਸੁ ਮੁਹਿ ਕਾਲੈ ਉਠਿ ਜਾਇ ॥"
(ਪੰਨਾ—641)

ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ ॥ (ਪੰਨਾ—811)

ਇਸ **'ਉਲਟੀ ਖੇਲ'** ਨੂੰ ਖੇਲਣ ਲਈ **'ਗ੍ਰਿਹਸਥ-ਉਦਾਸ'** ਜੀਵਨ ਬਤੀਤ ਕਰਦੇ ਹੋਏ **'ਲੋਕ ਸੁਖੀ ਪਰਲੋਕ ਸੁਹਲੇ' ਬਣਾਉਣਾ ਹੈ।**

**ਉਲਟੀ ਰੇ ਮਨ ਉਲਟੀ ਰੇ ॥**
**ਸਾਕਤ ਸਿਉ ਕਰਿ ਉਲਟੀ ਰੇ ॥** (ਪੰਨਾ—535)



*Thou art fond of falsehood, fraud and ego.*
***If thou hear the Name, O man thou feel as if thou art stung by a scorpion.***
*Thou ever longest for worldly valuable, with thy mind and mouth, thou utterest not ever the Lord's praise.*
*Fearless, Formless and Bounteous is the Lord. O ignorant man, thou contract not love with Him.* 892

*The mammon-worshippers know not God's savour and are defrauded by their evil nature*
*They, who lose the ambrosial Name through doubt, remain wholly engrossed in sin.*
*They make, love with the wicked and pick up quarrel with the Lord's slaves.* 854

The influence of '***Sangat***' on our weak and fickle minds is **absolutely and undoubtedly bound to happen.**

*As is the company it associates with, so is the fruit it eats.* 1369

For this reason, *Gurbani* instructs us to **keep away from the** '***Sangat***' of such 'self-orientated' or '**worshippers of materialism**' as follows: -

*Such materialists, who have forgotten the Lord's Name, are thieves. My soul draw not near them.* 170
***Kabir, associate thou not with the infidel and flee far away from him.***
***If thou touch a black vessel, then, some blot must attach to thee.*** 1371

*Kabir, I am destroyed and ruined by the evil company, like the plantain near the wild caper.*
*The latter waves and the former is pierced through by its thorns, So see thou not even, the sinner's society.* 1369
***As far as it is in thy power, O dear, associate thou not with the mammon-worshipper.***
*Meeting with whom, God is forgotten, O dear, he arises and departs with a black face.* 641
*The friendship contracted with an infidel is dissolved half-way.* 811

To play this '**reverse game**' we have to stay '**detached while living a normal family life'** and thus **remain 'happy in this world and be at peace in the next'.**

***Turn away, O my mind, turn away.***
***Turn away from the faithless cynic.*** 535

ਗੁਰਬਾਣੀ ਵਿਚ ਦਰਸਾਏ ਗੁਰ-ਹੁਕਮਾਂ ਨੂੰ ਕਮਾਉਂਦੇ ਹੋਏ, ਸਦੀਵੀ ਸੁਖ ਦੀ ਪ੍ਰਾਪਤੀ ਕਰਨੀ ਹੈ, ਅਤੇ **'ਬੇਗਮ-ਪੁਰੇ' ਦੇ ਵਾਸੀ ਹੋ, ਲੁਡ-ਲੁਡ ਦਰਗਹਿ ਵੰਞਣਾ ਹੈ।** ਤਾਂ ਕਿ ਸਾਡੇ ਤੇ ਗੁਰੂ ਬਾਬੇ ਦੇ ਇਹ ਬਚਨ ਸਹੀ ਅਰਥਾਂ ਵਿਚ **'ਢੁਕ' ਸਕਣ** :—

'ਮਨ ਮਹਿ ਮਨੁ ਉਲਟੋ ਮਰੈ, ਜੇ ਗੁਣ ਹੋਵਹਿ ਨਾਲਿ ॥' (ਪੰਨਾ—935)

'ਬੀਜ ਮੰਤ੍ਰੁ ਲੈ ਹਿਰਦੈ ਰਹੈ ॥
**ਮਨੂਆ ਉਲਟਿ ਸੁੰਨ ਮਹਿ ਗਹੈ ॥'** (ਪੰਨਾ—974)

**'ਉਲਟੀ ਗੰਗਾ ਜਮੁਨ ਮਿਲਾਵਉ ॥
ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥'** (ਪੰਨਾ—327)

**'ਗੁਰ ਪਰਸਾਦੀ ਉਲਟੀ ਹੋਵੈ, ਗਿਆਨ ਰਤਨੁ ਸਬਦੁ ਤਾਹਾ ਹੇ ॥'** (ਪੰਨਾ—1056)

**'ਸੁਰਤੀ ਕੈ ਮਾਰਗਿ ਚਲਿ ਕੈ, ਉਲਟੀ ਨਦਰਿ ਪ੍ਰਗਾਸੀ ॥'** (ਪੰਨਾ—1329)

ਦੂਜੇ ਪਾਸੇ—'ਮਨਮੁਖ' ਜਾਂ **ਸਾਕਤ ਦੀ ਅਵਸਥਾ ਤੋਂ ਬਦਲ ਕੇ, 'ਗੁਰਮੁਖ' ਬਣਨ ਲਈ**, ਉੱਤਮ ਦੈਵੀ ਸੰਗਤ ਅਥਵਾ **'ਸਾਧ-ਸੰਗਤ' ਕਰਨ ਦਾ ਗੁਰਬਾਣੀ ਵਿਚ ਤਾਕੀਦੀ ਹੁਕਮ ਹੈ।** ਸਾਧ ਸੰਗਤ ਕਰਦਿਆਂ-ਕਰਦਿਆਂ ਸਾਡੇ ਅੰਤਰ ਆਤਮੇ ਅਕਾਲ ਪੁਰਖ ਦੀ :—

1. **ਸ਼ਰਧਾ ਭਾਵਨੀ ਵਧਦੀ ਜਾਵੇਗੀ,**
2. **ਮਾਇਕੀ ਰੰਗਤ ਘਟਦੀ ਜਾਵੇਗੀ ਅਤੇ**
3. ਸਹਜੇ ਸਹਜੇ ਸਾਡੀ ਅਵਸਥਾ **'ਸਾਕਤ' ਤੋਂ ਬਦਲ ਕੇ 'ਗੁਰਮੁਖ' ਬਣ ਜਾਵੇਗੀ।**

ਗੁਰਬਾਣੀ ਵਿਚ ਇਸ ਗੱਲ ਦੀ ਇਉਂ ਪ੍ਰੇਰਨਾ ਕੀਤੀ ਗਈ ਹੈ :—

'ਮਹਾ ਪਵਿਤ੍ਰ ਸਾਧ ਕਾ ਸੰਗੁ ॥
**ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥'** (ਪੰਨਾ—392)

'ਸਾਧ ਸੰਗਿ ਹੋਇ ਨਿਰਮਲਾ, ਨਾਨਕ ਪ੍ਰਭ ਕੈ ਰੰਗਿ ॥' (ਪੰਨਾ—297)

'ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥'** (ਪੰਨਾ—809)

'ਜਨਮ ਜਨਮ ਕੀ ਹਉਮੈ ਮਲੁ ਲਾਗੀ,
**ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥'** (ਪੰਨਾ—1309)



Cultivating the Guru's commands given in *Gurbani*, we are to achieve eternal comfort and peace, and becoming residents of the '***City of No Worries***' we are to reach the **Lord's court swinging with joy**. Thus, *Guru Baba's* words will become **truly 'relevant'** as follows: -

*If one be with virtues, his mind, turning its back upon the world, merges in the mind itself.* 935

***Taking the seed of the Lord's Name, he enshrines it within his mind. Turning back his mind from the world, he fixes it in the Profound Lord.*** 974

***Turn thy breaths from the left and right and unite them in the central region. Within thy mind and at their confluence bathe thou without water.*** 327

***By the Guru's grace, man turns away from the world and he is blessed with the jewels of intuition and the Name.*** 1056

***Walking the way of Divine comprehension, man's vision is illumined, and he turns his face away from the world.*** 1329

On the other hand, to **change from the state of a '*Manmukh*'** or apostate **to that of a '*Gurmukh*'**, *Gurbani* gives us **mandatory instructions** to be in the **company of** the Divine *Sangat* or '***Sadh Sangat***'. Participating in the *Sadh Sangat*, gradually within our deeper self for the Timeless Being**:-**

1. **Faith will continue to increase**.
2. ***Mayaci* hue will continue to decrease**.
3. Slowly and slowly our state **will change from an** '**apostate**' to '***Gurmukh***'.

*Gurbani* supports this fact as follows**: --**

*Supremely pure is the Sadh Sangat,* ***meeting which the love for the Lord is embraced.*** 392

*Tinctured with Lord's love in the Sadh Sangat, O Nanak he becomes pure.* 297

*Hear ye the glory of the Sadh Sangat, O my friends.
The filth is washed away.* ***millions of sins are dispelled, and the soul becomes pure.*** 809

*The filth of ego of many births sticks to me and it is by* ***meeting with the Sangat that this filth can be washed off.*** 1309

'ਗਈ ਗਿਲਾਨਿ ਸਾਧ ਕੈ ਸੰਗਿ ॥
ਮਨੁ ਤਨੁ ਰਾਤੌ ਹਰਿ ਕੈ ਰੰਗਿ ॥' (ਪੰਨਾ—892)
'ਕਰਿ ਸਾਧ ਸੰਗਤਿ ਸਿਮਰੁ ਮਾਧੋ, ਹੋਹਿ ਪਤਿਤ ਪੁਨੀਤ ॥'
(ਪੰਨਾ—631)

ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁਕਾ ਹੈ, ਕਿ
ਆਤਮ ਮੰਡਲ ਦੇ 'ਗੁਣ' ਅਤੇ
ਮਾਇਕੀ ਮੰਡਲ ਦੇ ਅਉਗਣ
ਆਪਸ ਵਿਚ ਇਕ ਦੂਜੈ ਦੇ
'ਵਿਰੋਧੀ' ਅਤੇ
ਐਨ 'ਉਲਟ' ਹਨ ।

ਇਕ ਪਾਸੇ, ਆਤਮਿਕ ਮੰਡਲ ਵਿਚ :—
ਇਲਾਹੀ ਪ੍ਰਕਾਸ਼
ਸਚ
ਸਬਦ
ਹੁਕਮ
ਨਾਮ
ਪਿਆਰ
ਨਿਰਮਲਤਾ
ਸੰਤੋਖ
ਦਇਆ
ਧੀਰਜ
ਧਰਮ
ਸੇਵਾ
ਨਿਮ੍ਰਤਾ
ਪਰਉਪਕਾਰ
ਸ਼ਾਂਤੀ

ਆਦਿ, ਦੇ ਦੈਵੀ ਗੁਣਾਂ ਦਾ ਪ੍ਰਵੇਸ਼ ਅਤੇ ਪ੍ਰਗਟਾਵਾ ਹੈ ।

ਦੂਸਰੇ ਪਾਸੇ, ਮਾਇਕੀ ਮੰਡਲ ਵਿਚ :—
ਅਗਿਆਨਤਾ
ਭਰਮ



***My aversion to the Lord is gone in the Sadh Sangat,***
***and my soul and body are imbued with God's love.*** *892*

***Join the Sadh Sangat, and contemplate, thou, on the Lord of wealth,***
***thus, from a sinner, thou, shall be holy.*** *631*

As has been mentioned earlier that
the 'merits' of the spiritual realm and
demerits of the worldly realm
are 'contrary' and
the 'reverse' of each other.

On the one hand in the spiritual realm there **is :--**

Divine illumination
Truth
*Shabad*
*Hukam*
*Naam*
Love
Purity
Contentment
Mercy
Patience
Justice
Service
Humility
Benevolence
Calmness,

etc., the divine virtues presence and manifestation is prevalent.

On the other hand, in worldly realm there is**:--**

Ignorance
Doubt

ਹੰਕਾਰ
ਕਾਮ
ਕ੍ਰੋਧ
ਲੋਭ
ਮੋਹ
ਸ਼ੱਕ
ਡਰ
ਖ਼ੁਦਗਰਜ਼ੀ
ਈਰਖਾ
ਦਵੈਤ
ਦੁਖ
ਕਲੇਸ਼
ਕ੍ਰਲਝਣਾ

ਆਦਿ, ਦੇ ਅਉਗੁਣਾਂ ਦਾ ਬੋਲ-ਬਾਲਾ ਤੇ ਵਰਤ-ਵਰਤਾਰਾ ਹੈ ।

ਜੇ ਕਰ ਅਸੀਂ ਮਾਇਕੀ-ਮੰਡਲ ਤੋਂ ਨਿਕਲਨਾ ਚਾਹੁੰਦੇ ਹਾਂ, ਅਤੇ **ਆਤਮਿਕ ਮੰਡਲ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਪਹਿਲੀ-ਪੁਰਾਣੀ 'ਜੀਵਨ-ਰੋੜ' ਦੇ 'ਹਰ ਪਖ'** ਅਥਵਾ :—

ਖਿਆਲ
ਸੋਚਣੀ
ਚਿਤਵਨੀ
ਨਿਸਚਾ
ਟੇਕ
ਜੀਵਨ-ਸੇਧ
ਰੁਚੀਆਂ
ਰੀਝਾਂ
ਗਿਆਨ
ਕਰਮ
ਧਰਮ
ਆਦਤਾਂ
ਸੁਭਾਓ
ਮਨੋਰੰਜਨ



Egotism
Lust
Anger
Greed
Attachment
Suspicion
Fear
Selfishness
Jealousy
Duality
Suffering
Anguish-agony
Quarrel, etc.,

the demerits are dominating and in vogue.

If we wish to come out of the worldly realm and abide in the spiritual realm, then we must change 'every aspect' of our old 'life routine' such as:--

Thought
Thinking
Contemplation
Faith
Support
Life-goal
Inclinations
Interests
Knowledge
Action
Religion
Habits
Behavior
Entertainment, etc.,

ਆਦਿ—**ਬਦਲਣੇ ਪੈਣਗੇ,** ਅਤੇ ਉਹਨਾਂ ਤੋਂ

**'ਐਨ ਉਲਟ'**

**'ਆਤਮ ਮੰਡਲ' ਦੇ ਦੈਵੀ ਗੁਣ ਧਾਰਨੇ ਪੈਣਗੇ;** ਜਿਹਾ ਕਿ

ਸ਼ਰਧਾ ਭਾਵਨੀ
ਪ੍ਰੇਮ-ਭਾਵਨਾ
ਦਇਆ
ਸਤ
ਸੰਤੋਖ
ਧੀਰਜ
ਖਿਮਾ
ਨਿਮ੍ਰਤਾ
ਮੈਤ੍ਰੀ-ਭਾਵ
ਸੇਵਾ-ਭਾਵ
ਆਪਾ ਵਾਰਨਾ ।

ਜੀਵਨ ਵਿਚ ਇਹ **ਮਹੱਤਵ-ਪੂਰਨ 'ਉਲਟ' ਤਬਦੀਲੀ ਲਿਆਉਣ ਲਈ—** ਸਭ ਤੋਂ ਪਹਿਲਾ ਅਤੇ ਜ਼ਰੂਰੀ ਸਾਧਨ—**ਬਖਸ਼ੇ ਹੋਇ ਗੁਰਮੁਖ ਪਿਆਰਿਆਂ ਦੀ ਸੰਗਤ** ਅਥਵਾ **'ਸਾਧ ਸੰਗਤ' ਹੀ ਦੱਸੀ ਗਈ ਹੈ :—**

**'ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ,**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥'** (ਪੰਨਾ—694)

'ਖੋਜਤ ਖੋਜਤ ਸੁਨੀ ਇਹ ਸੋਇ ॥
**ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥'** (ਪੰਨਾ—373)

"ਸਾਧ ਸੰਗਤਿ ਮਿਲਿ ਬੁਧਿ ਬਿਬੇਕ ।।" (ਪੰਨਾ—377)

'ਸੰਤ ਜਨਾ ਕੀ ਲੇਹੁ ਮਤੇ ॥
**ਸਾਧ ਸੰਗਿ ਪਾਵਹੁ ਪਰਮ ਗਤੇ ॥'** (ਪੰਨਾ - 1137)

**'ਸਾਧ ਸੰਗਿ ਭਇਓ ਜਨਮੁ ਪਰਾਪਤਿ ॥**
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥' (ਪੰਨਾ—176)

**ਅੰਦਰਲੇ ਘੁੱਪ ਹਨੇਰੇ** ਕਮਰੇ ਦੇ ਅੰਧ ਗੁਬਾਰ ਵਿਚ ਠੋਕਰਾਂ ਅਤੇ ਭੁਲੇਖਿਆਂ ਤੋਂ ਦੁਖੀ ਹੋ ਕੇ, ਅਸੀਂ **'ਹਨੇਰੇ' ਵਲ ਪਿਠ ਕਰਕੇ 'ਚਾਨਣ' ਵਲ ਦੌੜਦੇ ਹਾਂ ।**

ਅੱਗ ਦੇ ਭਾਂਬੜ ਦੀਆਂ **ਲਾਟਾਂ ਤੋਂ ਬਚਣ ਲਈ ਭੀ,** ਅਸੀਂ **ਭਾਂਬੜ ਤੋਂ ਦੂਰ ਭਜਦੇ ਹਾਂ** ਅਤੇ **ਕੋਈ ਠੰਡੀ ਥਾਂ ਭਾਲਦੇ ਹਾਂ ।**



**must be changed** and '**totally opposite**' to them,
**adopt the merits of the 'spiritual realm'** such as**:--**

Faith
Love
Mercy
Truth
Contentment
Patience
Forgiveness
Humility
Friendship
Service
Sacrifice

To bring about this **very important 'reverse' change in life**, the first and fore most method described is to have the company of **beloved and blessed *Gurmukhs* or '*Sadh Sangat*':--**

***Without the Sadh Sangat, Lord's love wells up not and, without love, Thy service cannot be performed.*** *694*

*By searching and, I have heard this news, that* ***sans the Sadh Sangat, none does swim across.*** *373*

*By meeting the Sadh Sangat acute becomes my understanding.* *377*

*O man imbibe thou the instruction of the Saints.* ***In the Sadh Sangat, thou shall obtain the supreme state.*** *1137*

***By virtue of the Sadh Sangat thou hast obtained this human birth****.*
*Perform the Lord 's service, and repeat God 's Name under the Guru 's guidance* *176*

Stumbling and suffering **in the pitch-dark** room within we **turn our back to the 'darkness' and want to run towards the 'light'**.

Similarly, to **save ourselves from the flames** of the raging fire, **we run far away from the flames and look for a cool place.**

ਐਨ ਏਸੇ ਤਰ੍ਹਾਂ, ਜਦ 'ਜੀਵ' **ਮਾਇਕੀ ਮੰਡਲ ਦੇ** :—

'ਅਗਨ ਸੋਕ ਸਾਗਰ' ਦੇ ਭਾਂਬੜ,
'ਆਤਿਸ਼ ਦੁਨੀਆ' ਦੇ ਸੇਕ,
'ਬਿਖਮ ਸਾਗਰ' ਦੀਆਂ ਡੋਬੂ ਲਹਿਰਾਂ,
'ਮਾਇਆ ਨਾਗਨੀ' ਦੇ ਡੰਗ,
'ਮਾਇਆ ਠਗਉਰੀ' ਦੇ ਚਰਿਤ੍ਰ,
'ਪੰਜਾਂ' ਦੇ ਭੜਥੂ,
'ਨਰਕ ਘੋਰ' ਕਾ ਦੁਆਰਾ
'ਬਿਖ ਮਾਇਆ' ਦੇ ਸਾਗਰ

ਤੋਂ ਅਤਿ ਦੁਖੀ ਹੋ ਕੇ, ਤੰਗ ਆ ਜਾਂਦਾ ਹੈ ਤਾਂ, **ਇਸ ਝੂਠੀ ਤ੍ਰੈਗੁਣੀ ਮਾਇਆ ਵਲ 'ਪਿਠ' ਕਰਕੇ**, ਅਥਵਾ **'ਤਿਆਗ' ਕੇ— ਆਤਮਿਕ ਮੰਡਲ, ਅਥਵਾ ਪਰਮਾਰਥ ਵਲ 'ਮੁੜਦਾ' ਹੈ** ਅਤੇ **ਆਤਮਿਕ ਸੁਖ ਸ਼ਾਂਤੀ ਦੀ ਤਲਾਸ਼ ਵਿਚ ਨਿਕਲਦਾ ਹੈ।**

'ਕੋਈ ਸਜਣ ਸੰਤੁ ਮਿਲੈ ਵਡਭਾਗੀ, ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥
ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥' (ਪੰਨਾ—940)
ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ (ਪੰਨਾ—95)

**ਮਾਇਕੀ ਮੰਡਲ ਵਲੋਂ**
**'ਮੁੜਨਾ'**
ਅਤੇ **ਆਤਮਿਕ ਮੰਡਲ ਵਲ 'ਮੂੰਹ ਕਰਨਾ' ਹੀ** ਜਗਿਆਸੂ ਦੀ ਨਿਰਾਲੀ
**'ਉਲਟੀ-ਖੇਡ' ਹੈ।**

ਜਿਸ ਨੂੰ ਕੋਈ **ਵਿਰਲਾ ਗੁਰਮੁਖ ਹੀ 'ਖੇਲਦਾ' ਹੈ।**
ਬਾਕੀ ਸਾਰੇ **'ਜੀਵ'** ਇਸ 'ਅਗਨ ਸੋਕ ਸਾਗਰ' ਵਿਚ ਹੀ
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਪੰਨਾ(—133)

ਅਨੁਸਾਰ, ਆਪਣਾ **ਅਮੋਲਕ ਜਨਮ ਅਜਾਈਂ ਗਵਾਕੇ, ਜਮਾਂ ਦੇ ਵਸ ਪੈ ਕੇ, ਆਵਾ ਗਵਨ ਦੇ ਫੇਰ ਵਿਚ ਪਏ ਹੋਏ ਹਨ।**

ਪੁਰਾਣੇ ਜ਼ਮਾਨੇ ਨਾਲੋਂ ਅਜ ਕਲ ਬਹੁਤ ਪਾਠ, ਕਥਾ-ਕੀਰਤਨ, ਵਿਖਿਆਨ ਹੋਣ ਦੇ **ਬਾਵਜੂਦ**, ਸਾਡੀ ਮਾਨਸਿਕ ਤੇ ਆਤਮਿਕ ਅਵਸਥਾ **ਨਿਘਰ ਕੇ ਹਾਸੋ ਹੀਣੀ ਹੋ ਰਹੀ ਹੈ**, ਜੋ ਕਿ ਸਾਡੇ ਸਾਹਮਣੇ ਪ੍ਰਤੱਖ ਦਿਸਦੀ ਹੈ।



Exactly in the same way, when man goes through the **worldly realm's:--**

flames of the 'fiery ocean of grief',
heat of the 'fiery world',
drowning waves of the 'terrible ocean'
stings of the 'materialistic serpent',
tricks of the 'deceptive materialism'
confusion of the 'five' (lust, anger, greed, attachment, ego)
door of 'horrible hell'
ocean of the poisonous *Maya*,

and gets fed up with its pain-suffering, **turns his back on the false *trigun Maya;*** forsaking it, **turns towards the spiritual realm** in search of **intuitional comfort and calmness**.

*If by greatest good fortune some friendly saint meets me, he would show me the way to Lord God, my Beloved.*
*I search and seek my heart and body.*
*How shall I meet my amiable Beloved, O my mother?* 940

*O saints, O servants of God! meet me, my brothers.*
*Tell me of my Lord God, I feel hunger for Him.* 95

**'Turning away' from**
**the worldly realm**
**and 'towards' the spiritual realm** is the seeker's distinct
'**reverse-play**' which only **a rare**
***Gurmukh* plays.**

All the other beings, in this fiery world ocean,
*'Being entangled and enmeshed in the love of false occupation have perished'.* *133*
wasting their precious lives and coming under the control of *Jums*, the couriers of death, continue to remain in the cycle of transmigration (births and deaths).

Nowadays, compared to previous times, despite having so many *Paath* (*Gurbani* recitation), singing of hymns and and sermons, our mental and spiritual state **has sunken so low that it is becoming a joke**, which we are clearly witnessing.

ਇਸ ਦਾ ਕਾਰਨ ਇਹ ਹੈ ਕਿ ਸਾਡੀ **ਕਹਿਣੀ ਅਤੇ ਰਹਿਣੀ, ਸਹਿਣੀ ਵਿਚ ਅਤਿਅੰਤ ਫ਼ਰਕ ਹੈ।** ਅਸੀਂ ਗੁਰੂ-ਰੂਪ 'ਬਾਣੀ' ਨੂੰ ਮੱਥਾ ਤਾਂ ਟੇਕਦੇ ਹਾਂ, ਪਰ **ਗੁਰਬਾਣੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਨਹੀਂ 'ਢਾਲਦੇ'**, ਸਿਰਫ਼ ਪਾਠ, ਗਾਇਨ ਅਤੇ ਵਖਿਆਨ ਕਰ ਕੇ ਹੀ **ਸੰਤੁਸ਼ਟ ਹਾਂ**, ਤੇ **ਗੁਰਬਾਣੀ ਨੂੰ ਵਿਚਾਰਨ, ਕਮਾਉਣ ਦੀ ਲੋੜ ਹੀ ਮਹਿਸੂਸ ਨਹੀਂ ਕਰਦੇ।**

ਇਸ ਤਰ੍ਹਾਂ ਅਸੀਂ ਗੁਰਬਾਣੀ ਦੇ ਊਚਮ-ਊਚੇ, ਸੂਚਮ-ਸੂਚੇ, ਸੁਖਦਾਈ, ਕਲਿਆਣ ਕਾਰੀ **ਆਤਮਿਕ ਉਪਦੇਸ਼ਾਂ ਦੇ ਗੁਝੇ ਭੇਦਾਂ ਤੋਂ ਅਨਜਾਣ, ਅਵੇਸਲੇ ਜਾਂ ਜਾਣ ਬੁੱਝ ਕੇ ਮਚਲੇ ਹੋ ਕੇ, ਗੁਰਬਾਣੀ ਦੇ ਉਪਦੇਸ਼ਾਂ ਦੇ ਐਨ 'ਉਲਟ' ਜੀਵਨ ਬਤੀਤ ਕਰ ਰਹੇ ਹਾਂ।**

'ਕਬੀਰ ਮਨੁ ਜਾਨੈ ਸਭ ਬਾਤ, ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ, ਹਾਥਿ ਦੀਪੁ ਕੂਏ ਪਰੈ ॥' (ਪੰਨਾ—1376)
'ਜਾਨਿ ਬੂਝ ਕੈ ਬਾਵਰੇ, ਤੈਂ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ, ਨਹ ਗਰਬੁ ਨਿਵਾਰਿਓ ॥' (ਪੰਨਾ—727)

ਇਸ 'ਨੁਕਤੇ'—ਅਥਵਾ ਗੁਰਬਾਣੀ ਦੇ 'ਉਲਟ' ਸਾਡੀ ਜੀਵਨ-ਰੌੜ ਨੂੰ ਸਪਸ਼ਟ ਕਰਨ ਲਈ ਹੇਠਾਂ ਬਿਓਰਾ ਦਿਤਾ ਜਾਂਦਾ ਹੈ :—

| **ਗੁਰਬਾਣੀ ਦਾ ਉਪਦੇਸ਼ :** | **ਸਾਡੀ ਕਿਰਿਆ :** |
|---|---|
| 'ਸਾਚਿ ਨਾਮਿ ਮੇਰਾ ਮਨੁ ਲਗਾ ॥' | ਮਾਇਆ ਸਿਉ ਮੇਰਾ ਮਨ ਲਾਗਾ ! |
| 'ਲੋਗਨ ਸਿਉ ਮੇਰਾ ਠਾਠਾ ਬਾਗਾ ॥' | ਗੋਬਿੰਦ ਸਿਉ ਮੇਰਾ ਠਾਠਾ ਬਾਗਾ ! |
| 'ਅਵਰਿ ਕਾਜ ਤੇਰੈ ਕਿਤੈ ਨ ਕਾਮ ॥' | ਦਿਨ ਰਾਤ ਅਵਰ ਕਾਜ ਵਿਚ ਗਲਤਾਨ ਹਾਂ ਅਤੇ |
| 'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥' | ਸਾਧ ਸੰਗਤ ਕਰਨ ਦੀ ਫੁਰਸਤ ਜਾਂ ਲੋੜ ਨਹੀਂ ਭਾਸਦੀ ! |
| 'ਗੁਸਾ ਮਨਿ ਨਾ ਹਢਾਇ ॥' | ਗੁਸੇ ਵਿਚ ਦਿਨ ਰਾਤ ਸੜ-ਬਲ ਕੇ ਕੋਇਲੇ ਬਣੇ ਹੋਇ ਹਾਂ ! |
| 'ਨਾ ਕੋ ਬੈਰੀ ਨਹੀ ਬੇਗਾਨਾ ॥ ਸਗਲ ਸੰਗਿ ਹਮ ਕਉ ਬਨਿ ਆਈ ॥' | **ਸਾਰੇ ਹੀ ਬਿਗਾਨੇ ਤੇ ਵੈਰੀ** ਧਾਰੇ ਹੋਏ ਹਨ ! ਕਿਸੇ ਨਾਲ ਨਹੀਂ ਬਣਦੀ ! |
| 'ਤਜਹੁ ਸਿਆਨਪ ਸੁਰਿ ਜਨਹੁ' | **ਸਿਆਣਪ ਘੋਟਣ** ਵਿਚ ਹੀ ਵਡਿਆਈ ਤੇ ਫ਼ਖ਼ਰ ਸਮਝਦੇ ਹਾਂ। |
| ਸਿਮਰਹੁ ਹਰਿ ਹਰਿ ਰਾਇ ॥' | ਸਿਮਰਨ ਦੀ ਲੋੜ ਹੀ ਨਹੀਂ ਭਾਸਦੀ। |



The reason for this is that there is **a big difference between what we profess and what we practice**. We give respect to the *Guru*-form '*Bani*' by bowing to it, but do not imbibe the teachings of *Gurbani* in our lives; we are satisfied with *Paath* (recitals of scriptures), singing of hymns and discourses. **We do not feel the need to contemplate on and cultivate *Gurbani***.

Thus becoming **ignorant, indifferent, knowingly pretentious** of the hidden **secrets of spiritual teachings** of the high-lofty, pure, peace giving *Gurbani*, we are **living our lives exactly contrary to its teachings**.

> *Kabir, man knows everything and knowingly he commits sins.*
> *What use is it to have a lamp in his hand, if he still falls into a well?* *1376*
>
> *Knowing full well, O mad man, thou has spoiled thine case.*
> *Thou shirks not from committing sins, nor dismiss thou thy ego.* *727*

To illustrate this 'point' – and to clarify that our life-flow is contrary to *Gurbani*, a detailed comparison is given below:-

| | **Teachings of *Gurbani*** | **Our actions** |
|---|---|---|
| 1 | 'With the True Name, my soul is attached'. | My mind is attached to *Maya*, materialism! |
| 2 | With people I have but artificial dealing. | With the Lord, I put on artificial display! |
| 3 | 'All other tasks are of no avail to thee.' | Day and night, we are engrossed in other tasks. |
| 4 | 'Joining the *Sadh Sangat*, contemplate over the Name alone.' | There doesn't seem to be the need or time to participate in the *Sadh Sangat!* |
| 5 | 'Do not allow anger to wear out the mind'. | Burnt and scorched in anger we are reduced to charcoal! |
| 6 | 'No one is an enemy and no one is a stranger'.<br>'I am at peace with everyone'. | All are strangers and branded as enemies!<br>I cannot get along with anyone! |
| 7 | 'O Godly people get rid of your cunningness'. | Doggedly pursuing cunningness we feel proud. |
| 8 | 'Remember the Lord your King'. | We do not see the need to do *Simran*. |

| | |
|---|---|
| 'ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥' | 'ਨਾਮ' ਦੀ ਸਾਨੂੰ ਸੋਝੀ ਹੀ ਨਹੀਂ ਅਤੇ ਕੂੜੀਆਂ ਗੱਲਾਂ ਵਿਚ ਹੀ ਗਲਤਾਨ ਹਾਂ । |
| 'ਦੇਖ ਕੇ **ਅਣਡਿੱਠ**' ਕਰਨਾ । | ਦੇਖ ਕੇ ਮਸਾਲੇ ਲਾ ਕੇ ਚਰਚਾ ਕਰਨ ਵਿਚ ਸਵਾਦ ਲੈਣਾ । |
| 'ਸੁਣ ਕੇ **ਅਣਸੁਣਿਆ**' ਕਰਨਾ । | ਸੁਣ ਕੇ, ਘੋਟ ਕੇ ਅੰਦਰੋ-ਅੰਦਰ ਕੁੜਨਾ ਅਤੇ ਸੜਨਾ । |
| **'ਬੁਰੇ ਦਾ ਭਲਾ'** ਕਰਨਾ । | ਭਲੇ ਨਾਲ ਬੁਰਾ ਕਰਨਾ । |
| 'ਰੋਸ ਨਾ ਕਾਹੂ ਸੰਗ ਕਰਹੁ' | ਨਿੱਕੀ-ਨਿੱਕੀ ਗੱਲ ਤੇ ਰੋਸੇ-ਗਿਲੇ, ਈਰਖਾ ਦਵੈਤ, ਵੈਰ-ਵਿਰੋਧ ਵਧਾਉਣਾ । |
| 'ਨਿੰਦਾ ਭਲੀ ਕਿਸੈ ਕੀ ਨਾਹੀ' | ਨਿੰਦਾ ਕਰ ਕੇ ਰਸ ਮਾਨਣਾ । |
| 'ਹਥੋਂ **ਦੇ ਕੇ** ਭਲਾ ਮਨਾਈ' | ਹਥੋਂ **ਲੈ ਕੇ** ਭਲਾ ਮਨਾਈ । |

ਦੂਜੇ ਲਫ਼ਜ਼ਾਂ ਵਿਚ ਜੇ ਅਸੀਂ 'ਗੁਰਮੁਖ' ਬਣ ਕੇ **ਆਤਮਿਕ ਮੰਡਲ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਹਾਂ** ਤਾਂ ਸਾਨੂੰ ਅਪਣੇ :—

ਖ਼ਿਆਲ
ਸੋਚਣੀ
ਨਿਸਚੇ
ਰੁਚੀਆਂ
ਆਦਤਾਂ
ਵਰਤਾਰਾ
ਧਰਮ
ਕਰਮ
ਸੁਭਾਓ
ਮਨੋਰੰਜਨ
ਸ਼ੌਕ

ਅਥਵਾ **'ਜੀਵਨ' ਦੇ ਹਰ ਪਖ ਨੂੰ** 'ਮਨਮੁਖਾਂ' ਅਥਵਾ **'ਸਾਕਤਾਂ' ਦੇ 'ਜੀਵਨ-ਰੋੜ ਤੋਂ' ਬਿਲਕੁਲ 'ਉਲਟ' ਢਾਲਨਾ ਪਵੇਗਾ ।**

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਅਨੇਕਾਂ ਗੁਰੂ, ਅਵਤਾਰ, ਸੰਤ, ਭਗਤ, ਇਸ **'ਉਲਟੀ ਆਤਮਿਕ ਖੇਲ' ਦਾ ਉਪਦੇਸ਼ ਕਰਦੇ ਆਏ ਹਨ ।** ਗੁਰਬਾਣੀ ਭੀ ਇਹ ਸਚਾ-ਸੁਚਾ ਆਤਮਿਕ ਉਪਦੇਸ਼ ਦ੍ਰਿੜ ਕਰਾਉਂਦੀ **ਹੈ,** ਪਰ ਇਸ **ਮਹੱਤਵ-**



| | | |
|---|---|---|
| 9 | 'Without the *Naam* everything is false and worthless' | We have no knowledge about '*Naam'* and are engrossed in false talk. |
| 10 | 'To witness and not be mindful of' | Seeing and getting enjoyment in exaggerating. |
| 11 | 'Hearing something and ignoring'. | After hearing and repeating, blow it out of proportion and quarrel/ burn within. |
| 12 | 'Doing good to the bad/ evil'. | Doing bad to the good/ kind. |
| 13 | 'Do not hold resentment towards any one'. | Indulge in resentment/ grievance, jealousy, envy and enmity in small matters. |
| 14 | 'Backbiting and slander benefits no one'. | Getting pleasure out of backbiting and slander. |
| 15 | 'Feeling gratitude while giving or sharing'. | Feeling grateful only on receiving. |

In other words if by becoming a '***Gurmukh****'*, we wish to **enter the spiritual realm,** then our**: --**

Thoughts
Thinking
Faith
Inclinations
Habits
Behavior
Discipline
Actions
Character
Entertainment
Interests

and '**every aspect of our life**' we must make '**completely contrary'** to that of the *Manmukhs* or mind-orientated '**apostates**'.

From the very beginning of creation, various gurus, incarnations, saints, devotees **have been teaching this 'Spiritual Reverse Play'**. *Gurbani* too has been advocating this true-pure spiritual instruction. However,

ਪੂਰਨ ਗੁਰ ਉਪਦੇਸ਼ ਨੂੰ ਅਸੀਂ :—

ਪੜ੍ਹ ਕੇ

ਸੁਣ ਕੇ

ਗਾ ਕੇ

ਲਿਖ ਕੇ

ਕਥਾ-ਵਾਰਤਾ ਕਰਕੇ

ਫ਼ਿਲੌਸਫ਼ੀਆਂ ਘੋਟ ਕੇ

**ਵਾਦ ਵਿਵਾਦ**

**ਵਿਚ ਹੀ, ਇਹਨਾਂ ਉਪਦੇਸ਼ਾਂ ਦੇ 'ਉਪਰ ਦੀ ਲੰਘ' ਜਾਂਦੇ ਹਾਂ** ਯਾ **ਫੋਕੇ ਦਿਮਾਗੀ ਵਿਚਾਰਾਂ ਦੇ 'ਰੋਲ-ਘਚੋਲੇ' ਵਿਚ 'ਗਵਾ' ਛਡਦੇ ਹਾਂ।** ਜਿਸ ਕਾਰਨ—ਇਹਨਾਂ ਦੇ **ਅੰਤ੍ਰੀਵ ਅਨੁਭਵੀ ਆਤਮਿਕ 'ਤਤ-ਵਿਚਾਰ' ਤੋਂ ਅਨਜਾਣ ਹੋ ਕੇ, ਵਾਂਝੇ ਰਹਿੰਦੇ ਹਾਂ।**

ਅਗਿਆਨਤਾ ਦੀ ਵਜਾਹ ਨਾਲ, ਆਮ ਜਨਤਾ ਤਾਂ ਮਾਇਕੀ ਮੰਡਲ ਵਿਚ ਹੀ ਪਲਚ-ਪਲਚ ਕੇ ਘੋਰ ਨਰਕ ਭੋਗ ਰਹੀ ਹੈ, ਪਰ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਤਾਂ ਇਹ ਹੈ, ਕਿ ਸਾਡੇ ਧਾਰਮਿਕ ਆਗੂਆਂ ਅਤੇ ਪ੍ਰਚਾਰਕਾਂ ਨੇ ਭੀ ਗੁਰਬਾਣੀ ਦੇ ਇਹਨਾਂ ਉਚਮ-ਉਚੇ, ਸੂਚਮ-ਸੂਚੇ ਉਪਦੇਸ਼ਾਂ ਨੂੰ **'ਦਿਮਾਗੀ ਸ਼ੁਗਲ'** ਹੀ ਸਮਝਿਆ ਹੋਇਆ ਹੈ ਅਤੇ ਕਥਨੀ-ਬਦਨੀ, ਫੋਕੇ ਗਿਆਨ ਅਤੇ ਸੁਕੀ ਫ਼ਿਲਾਸਫ਼ੀ (Philosophy) ਤਾਈਂ ਸੀਮਤ ਕੀਤਾ ਹੋਇਆ ਹੈ।

**'ਕਥਨੀ ਬਦਨੀ ਕਰਤਾ ਫਿਰੈ,**
ਹੁਕਮੈ ਮੂਲਿ ਨ ਬੁਝਈ **ਅੰਧਾ ਕਚੁ ਨਿਕਚੁ ॥'** (ਪੰਨਾ—509)

'ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥' (ਪੰਨਾ—655)

**'ਪੜੇ ਸੁਨੇ ਕਿਆ ਹੋਈ ॥**
**ਜਉ ਸਹਜ ਨ ਮਿਲਿਓ ਸੋਈ ॥'** (ਪੰਨਾ—655)

'ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
**ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥'** (ਪੰਨਾ—231)

**'ਪੜਣਾ ਗੁੜਣਾ ਸੰਸਾਰ ਕੀ ਕਾਰ ਹੈ,**
**ਅੰਦਰਿ ਤ੍ਰਿਸਨਾ ਵਿਕਾਰੁ ॥'** (ਪੰਨਾ—650)

'ਪੜ੍ਹਤ ਗੁਨਤ ਐਸੇ ਸਭ ਮਾਰੇ,
ਕਿਨਹੂੰ ਖਬਰਿ ਨ ਜਾਨੀ ॥' (ਪੰਨਾ—477)



having read

having heard

having sung

having written

having done discourses (on it)

having delved in philosophies

having **discussions and arguments**

of these **very important *Guru* instructions we have overlooked** and **'lost the essence' of these teachings** by getting involved in arguments and quarrels or we have **lost them in the confusion of empty intellectual discussions**. As a result of this by becoming **ignorant of the innate intuitional spiritual 'essence**' of these teachings, **we are left lacking**.

Because of this ignorance, the general public enmeshed and entangled in the materialistic realm is suffering in a horrible hell. The surprising and regretful thing is that our religious leaders and preachers too have regarded the lofty-high, pure teachings of *Gurbani* as '**intellectual pastime**' and have limited it to discourses, hollow knowledge and dry philosophy.

***He goes about talking and babbling*** *but realizes not Lord's command at all.*
***he is blind and the false of the false.*** *509*

*By uttering sermons, the doubt is dispelled not.*
*Through telling and describing, the whole public has grown weary.* *655*

***What avail is reading and listing, If divine knowledge is not gained therewith.*** *655*

*Therein they read the eventful poems and the courier of Death strikes them on their head.*
***They understand not the Reality and tie a bundle of straw.*** *231*

***Reading and reflecting are worldly affairs, if there are avarice and sin within.*** *650*

*Such readers and students as thou are, have all been doomed and none has obtained the knowledge.* *477*

ਗੁਰਬਾਣੀ ਵਿਚ ਅਨੇਕਾਂ ਵਾਰੀ **'ਸਾਕਤ'** ਲਫਜ਼ ਆਇਆ ਹੈ ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ **'ਸਾਕਤ' ਉਹ ਹੈ, ਜੋ 'ਪਰਮਾਤਮਾ' ਦੀ 'ਹੋਂਦ' ਨੂੰ ਨਹੀਂ ਮੰਨਦਾ**, ਯਾ **ਭੁਲਿਆ ਹੋਇਆ ਹੈ**, ਯਾ **'ਓਪਰੇ' ਮਨ ਨਾਲ ਹੀ 'ਸਾਖੀ' ਭਰਦਾ ਹੈ।** ਇਸ ਤਰ੍ਹਾਂ **'ਸਾਕਤ ਜੀਵ'** ਆਪਣੀ **'ਹਉਂ' ਧਾਰੀ 'ਹੋਂਦ' ਨੂੰ ਹੀ 'ਸਚ' ਮੰਨੀ ਬੈਠੇ ਹਨ**, ਅਤੇ **'ਮੈਂ-ਮੇਰੀ' ਦੇ ਅਧਾਰ ਤੇ ਜੀਵਨ ਬਤੀਤ ਕਰਦੇ ਹਨ।**

ਗੁਰਬਾਣੀ ਵਿਚ ਸਾਕਤ ਦੇ ਲੱਛਣ ਇਉਂ ਦਰਸਾਏ ਗਏ ਹਨ :—

**'ਸਾਕਤ ਹਰਿ ਰਸ ਸਾਦੁ ਨ ਜਾਣਿਆ,**
**ਤਿਨ ਅੰਤਰਿ ਹਉਮੈ ਕੰਡਾ ਹੇ ॥'** (ਪੰਨਾ—13)

'ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥' (ਪੰਨਾ—22)

**'ਸਾਕਤ ਨਰ ਅਹਕਾਰੀ ਕਹੀਅਹਿ,**
**ਬਿਨੁ ਨਾਵੈ ਧ੍ਰਿਗੁ ਜੀਵੀਜੈ ॥'** (ਪੰਨਾ—1325)

**'ਸਾਕਤ ਮੂੜ ਮਾਇਆ ਕੇ ਬਧਿਕ,**
**ਵਿਚਿ ਮਾਇਆ ਫਿਰਹਿ ਫਿਰਦੇ ॥'** (ਪੰਨਾ—800)

**'ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥**
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥'
(ਪੰਨਾ—892)

ਜੇਕਰ **ਦਿਆਨਤਦਾਰੀ ਨਾਲ** ਆਪਣੇ ਮਨ ਦੀ ਹਾਲਤ ਨੂੰ, **ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਦੀ ਕਸਵੱਟੀ ਉਤੇ ਪਰਖੀਏ**, ਤਾਂ ਪਤਾ ਲਗੇਗਾ ਕਿ ਬਹੁਤ ਸਾਰੇ ਜੀਵ **'ਸਾਕਤ' ਦੀ ਸ਼੍ਰੇਣੀ ਵਿਚ ਹੀ ਗਿਣੇ ਜਾ ਸਕਦੇ ਹਨ।**

ਹੈਰਾਨੀ ਵਾਲੀ ਗੱਲ ਇਹ ਹੈ, ਕਿ **'ਸਾਕਤ'** ਅੱਖਰ ਪੜ ਕੇ ਯਾ ਸੁਣ ਕੇ ਅਸੀਂ ਸਮਝਦੇ ਹਾਂ ਕਿ ਇਹ ਅੱਖਰ **ਸਾਡੇ ਉਤੇ ਨਹੀਂ 'ਢੁਕਦਾ'—ਕਿਸੇ ਹੋਰ ਲਈ ਵਰਤਿਆ ਗਿਆ ਹੋਵੇਗਾ।**

**ਐਸਾ ਸਮਝਣਾ ਹੀ, ਸਾਡੀ 'ਹਉਮੈ' ਦੀ 'ਹੰਗਤਾ' ਯਾ ਹਉਂ-ਧਾਰੀ— 'ਸਾਕਤ' ਹੋਣ ਦੀ ਗਵਾਹੀ ਹੈ।**

ਏਹੋ ਕਾਰਨ ਹੈ ਕਿ ਇਤਨੇ ਪਾਠ-ਪੂਜਾ, ਕਥਾ-ਵਾਰਤਾ ਅਤੇ ਕਰਮ-ਕ੍ਰਿਆ ਕਰਦਿਆਂ ਅਤੇ ਸੁਣਦਿਆਂ ਵੀ, 'ਜੀਵ', **ਮੋਹ ਮਾਇਆ ਵਿਚ ਪਲਚ-ਪਲਚ ਕੇ ਨਰਕ ਭੋਗ ਰਹੇ ਹਨ**, ਅਤੇ **'ਮਨ' ਉਤੇ ਗੁਰਬਾਣੀ ਦੀ ਕੋਈ 'ਰੰਗਤ' ਯਾ 'ਪਾਹ' ਨਹੀਂ ਚੜਦੀ** ਅਤੇ **ਜੀਵਨ ਨਹੀਂ 'ਬਦਲਦਾ'।**



The word '***Saakat***' has been mentioned many times in *Gurbani*. It has been explained earlier that '***Saakat*' is one who does not believe in the 'existence' of the 'Supreme Lord**, or one **who is lost** or one who **acknowledges God with a 'superficial mind'**. In this way the '**apostates**' regard their **ego-ridden 'existence' as the truth** and are passing their lives in the **belief of 'me-mine'**.

*Gurbani* mentions the characteristics of '*Saakat*' thus**:--**

***The mammon-worshippers know not the relish of God's elixir, within them is the thorn of pride.*** *13*

*The mammon-worshipper likes not Truthfulness. False is the foundation of the false.* *22*

***The apostate persons are called the egoists, Without the Name, accursed is their life.*** *1325*

***The unwise apostates are the captives of mammon and continue roaming about in mammon.*** *800*

***Nectar thou deemest bitter and poison sweet. O mammon-worshipper, such is thy condition, which I have seen with mine own eyes.***
*Thou art fond of falsehood, fraud and ego. If thou hear the Name, O man thou feel as if thou art stung by a scorpion.* *892*

When we earnestly test the state of our mind with the **touchstone of the *Gurbani* versus mentioned above**, then we will realize that **most people fall in the category of '*Saakat*'** (apostate).

The surprising thing is that having read or heard of the word '***Saakat***' we think that **this word does not 'apply' to us – that it may have been used for someone else.**

**Such an understanding is indeed the expression of our ego 'state' or the proof of our being an ego-ridden '*Saakat*'.**

This is the reason that despite doing so much recitation-worship, lectures-discourses, rituals-ceremonies, humans are **entangled and enmeshed in the attachment of materialism, are going through terrible hell and no 'hue' or 'influence' of *Gurbani* takes place and no change in life happens.**

ਉਪਰਲੀਆਂ ਵਿਚਾਰਾਂ ਤੋਂ ਸਿਧ ਹੁੰਦਾ ਹੈ, ਕਿ ਗੁਰਮੁਖਾਂ ਦੀ ਉਚੀ-ਸੁਚੀ ਆਤਮਿਕ ਅਵਸਥਾ—'**ਸਾਕਤ ਦੇ ਜੀਵਨ**' ਤੋਂ, :—

**ਹੋਰਵੇਂ**
**ਵਿਲੱਖਣ**
**ਮੁਖਾਲਿਫ਼**
**ਉਲਟ**
**ਮੁਤਜ਼ਾਦ** ਹੈ ।

ਇਸ ਲਈ ਆਪਣੀ '**ਜੀਵਨ—ਰੌ**'' **ਦੀ** '**ਰੋੜ੍ਹ**' **ਨੂੰ** ਮਾਇਕੀ ਮੰਡਲ ਤੋਂ

**ਠੱਲ੍ਹ ਕੇ**
**ਮੋੜ ਕੇ**
**ਬਦਲ ਕੇ**
**ਪਲਟ ਕੇ**

'**ਆਤਮਿਕ ਮੰਡਲ**' **ਵਲ**
'**ਉਲਟਾਉਣਾ**'
**ਹੀ**

'ਸਾਕਤ ਸਿਉ ਕਰਿ ਉਲਟੀ ਰੇ ॥''

ਵਾਲੇ ਨੂੰ ਉਪਦੇਸ਼ ਨੂੰ **ਕਮਾਉਣਾ ਹੈ**, ਅਤੇ ਆਤਮਿਕ ਮੰਡਲ ਵਿਚ **ਪ੍ਰਵੇਸ਼ ਕਰਨਾ ਹੈ ।**

ਦੂਜੇ ਲਫ਼ਜ਼ਾਂ ਵਿਚ, **ਸੁਰਤੀ ਯਾ ਬਿਰਤੀ**-ਰੂਪੀ 'ਬੂਟੇ' ਨੂੰ, ਮਾਇਕੀ 'ਬੰਜਰ-ਧਰਤੀ' ਵਿਚੋਂ

**ਪੁਟ ਕੇ**

'ਸ਼ਬਦ' ਅਥਵਾ '**ਨਾਮੁ**'-**ਰੂਪੀ ਉਪਜਾਊ ਜ਼ਮੀਨ ਵਿਚ** 'ਗੱਡਣਾ' **ਹੈ ।**

''ਬੁਲਿਆ ! ਰਬ ਦਾ ਕੀ ਪਾਉਣਾ ।
**ਇਧਰੋਂ ਪੁਟਣਾ ਤੇ ਓਧਰ ਲਾਉਣਾ ।**

''**ਗੁਰਮੁਖਿ ਹੋਵੈ ਸੁ ਪਲਟਿਆ,** ਹਰਿ ਰਾਤੀ ਸਾਜਿ ਸੀਗਾਰਿ ॥''
(ਪੰਨਾ—735)



From the above contemplation, it is clear that the high-pure stage of the *Gurmukhs* as compared to the **life of the '*Saakat*' is:--**

**different**
**distinct**
**adverse**
**opposite**
**separate.**

For this reason,

**to stop**
**to turn**
**to change**
**to reverse**

**our 'life-current's flow'** from the **worldly realm towards the 'spiritual realm'** is the

'**turn away from the non-believer**'

and we must **cultivate** this instruction and **enter the spiritual realm**.

In other words, we have to **uproot the Consciousness 'plant'** from the *Mayaci* desolate soil

and '**re-plant**' it

in the '***Shabad***' or '***Naam'*** **fertile soil**.

(The famous Persian saint Bullay Shah says)

"O Buliaa! What is so difficult about achieving union with God!"
**It is like uprooting a plant from here and planting it there**!"

*She, who turns towards the Guru, retraces her steps and makes the decoration of being imbued with the love of her God.* 735



End.